ISSN 0972-2335

# ਅੰਮ੍ਰਿਤ ਕੀਰਤਨ



ਪਦਮ ਸ਼੍ਰੀ ਪ੍ਰੋ. ਕਰਤਾਰ ਸਿੰਘ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਫਰਵਰੀ 2022

ਮੁੱਲ 15/-



## ਅਰਦਾਸ

ਪਰੀ ਪੂਰਨ ਪ੍ਰਮਾਤਮਾਂ ਘਟ ਘਟ ਰਵਿਆ ਜੋਇ,
ਆਦਿ ਸੱਚ ਜੁਗਾਦਿ ਸੱਚ ਹੈ ਭੀ ਹੋਸੀ ਸੋਇ।

ਰਵਿ,ਸਸ,ਬ੍ਰਹਿਮੰਡ,ਗਗਨ,ਧਰਨ,ਵਿਆਪਕ ਰਹਿਆ ਸਬਾਇ,
ਪਰਬਤ, ਸਿੰਧ, ਸਰ ਧਾਵਤਾ, ਬੰਨ,ਖੰਡ,ਰਹਿਆ ਸਮਾਇ।

ਅੰਡਜ,ਜੇਰਜ,ਉਤਭੁਜ,ਸੇਤਜ,ਸਭੇ ਉਤਪੱਤ ਜਾਨ,
ਸਭ ਦਾ ਹੈ ਪ੍ਰਿਤਪਾਲਕਾ ਉਹ ਪੂਰਨ ਭਗਵਾਨ।

ਤਾ ਸੋਂ ਮੇਰੀ ਬਿਨੈ ਹੈ ਬੰਦੌ ਬਾਰੰਬਾਰ,
ਕਰਨ ਧਾਰ ਕਰੁਣਾ ਕਰੋ ਭਉਜਲ ਉਤਰੌਂ ਪਾਰ।

ਮੋਹਿ ਘਟ ਨਾਂਹਿ ਬਿਬੇਕ ਹੈ ਨਾ ਹਉਂ ਚਤੁਰ ਪ੍ਰਬੀਨ,
ਪਿੰਗਲ ਕਾਵਿ ਦੀ ਸਾਰ ਨਾ, ਨਾ ਵਿਦਿਆ ਬੁੱਧ ਹੀਨ।

ਬਿਰਦ ਪਾਲਕ ਜੰਗਨਨਾਥ ਜੀ, ਸੰਤੋਖ ਲਾਜ ਹੈ ਉਇ,
ਕਾਰਜ ਹੋਤ ਸਭ ਪੂਰ ਹੈਂ ਕਰਨਾ ਹੋ ਜਬ ਤੋਇ।

## PRAYER

Sole, Supreme and Consummate Lord.
Ever pervades all hearts and brains.
True He was in the beginning,
and before the ages began.
True is His refulgence today
and True shall ever He remain.
His light reflects in the sun and the moon.
in the stars and the firmament,
and in the whole Universal frame.
The Omnific prevails in every corner,
in lofty mountains and vast seas,
in running brooks and forests green,
and all creation is His domain,
but enshrouded He remains.
All kinds of births are under His Will,
may be egg-born, foetus-born,
earth-born or sweat-born,
in perfect manner He all sustains.
With folded hands and very modestly,
a supplication before Thee I place.
O Compassionate ! Take pity on me,
enable me cross this Terrible Ocean
with Thine help and Eternal grace.
I am sans logic, tact and wisdom,
no skill in prosody to get praise.
O my Ever Gracious Lord !
Please preserve my honour with the boon
that all my wishes are assuaged,
Santokh for Your support prays.

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

**ਸਹਿਯੋਗੀ**

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

## ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ

**ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**

ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ

(ਫੋਨ :0172-4782705, 98150-72197) ਤੋਂ ਛਪਵਾ ਕੇ

422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


ਅਰਦਾਸ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ ਟਾ-2

ਸੰਪਾਦਕੀ : ਕਰਉ ਬੇਨੰਤੀਆ –
ਗੁਰਮਤਿ ਸੰਗੀਤ ਦੇ ਮਹਾਨ ਅਚਾਰੀਆ– ਪ੍ਰੋ. ਕਰਤਾਰ ਸਿੰਘ ਜੀ 2

ਗੁਰਮਤਿ ਸੰਗੀਤ ਦੀ ਅਦੁੱਤੀ ਸਖ਼ਸ਼ੀਅਤ ਪ੍ਰੋ. ਕਰਤਾਰ ਸਿੰਘ ਜੀ
ਡਾ. ਗੁਰਨਾਮ ਸਿੰਘ 4

ਸਜਣ ਮੇਰੇ ਰੰਗੁਲੇ .........
ਡਾ. ਏ ਪੀ ਸਿੰਘ 'ਰਿਦਮ' 6

**ਗੁਰਮਤਿ ਕੀਰਤਨ ਭਗਤੀ**
**ਡਾ. ਜਾਗੀਰ ਸਿੰਘ** 8

'ਰਾਗ ਨਿਰਣਾਇਕ ਕਮੇਟੀ' ਜਵੱਦੀ ਟਕਸਾਲ ਦੀ ਵਿਲੱਖਣ ਦੇਣ
ਡਾ. ਗੁਰਨਾਮ ਸਿੰਘ 15

ਤਿੰਨ ਤਾਲ ਕਾਇਦਾ ਸੀਰੀਜ
ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ
(ਲਾਹੌਰ ਬਾਜ ਪੰਜਾਬ ਘਰਾਣਾ) 19


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

## ਗੁਰਮਤਿ ਸੰਗੀਤ ਦੇ ਮਹਾਨ ਅਚਾਰੀਆ- ਪ੍ਰੋਫੈਸਰ ਕਰਤਾਰ ਸਿੰਘ ਜੀ

ਪਿਛਲੇ ਦਿਨੀਂ ਪ੍ਰੋ ਕਰਤਾਰ ਸਿੰਘ ਜੀ ਅਕਾਲ ਚਲਾਣਾ ਕਰ ਗਏ। ਗੁਰਮਤਿ ਸੰਗੀਤ ਦੀ ਇੱਕ ਮਹਾਨ ਸ਼ਖਸੀਅਤ ਦੇ ਅਲੋਪ ਹੋਣ ਨਾਲ ਇਸ ਖੇਤਰ ਵਿੱਚ ਵੱਡਾ ਖਲਾਅ ਪੈਦਾ ਹੋ ਗਿਆ ਹੈ। ਮੇਰੀ ਉਹਨਾਂ ਨਾਲ ਮੁਲਾਕਾਤ 1975-76 ਵਿੱਚ ਹੋਈ ਸੀ। ਮੈਂ ਉਹਨਾਂ ਦਿਨਾਂ ਵਿੱਚ ਗੁਰੂ ਗੋਬਿੰਦ ਸਿੰਘ ਕਾਲਜ ਵਿੱਚ ਲੈਕਚਰਰ ਸੀ ਤੇ ਪ੍ਰੋਫੈਸਰ ਸਾਹਿਬ ਲੁਧਿਆਣੇ ਕਾਲਜ ਵਿੱਚ ਸਨ। ਸ਼ਬਦ ਗਾਇਨ ਮੁਕਾਬਲਿਆਂ ਵਿੱਚ ਕਦੀ ਮੈਂ ਕਾਲਜ ਦੀ ਟੀਮ ਲੈ ਕੇ ਜਾਂਦਾ ਸੀ ਤੇ ਕਦੀ ਜੱਜ ਬਣਕੇ। ਪ੍ਰੋਫੈਸਰ ਸਾਹਿਬ ਦੀ ਟੀਮ ਆਮ ਤੌਰ ਤੇ ਫਸਟ ਆਉਂਦੀ ਸੀ। ਉਹਨਾਂ ਨਾਲ ਜਦੋਂ ਗੱਲਬਾਤ ਹੁੰਦੀ ਤਾਂ ਬਹੁਤ ਕੁਝ ਸਿੱਖਣ ਨੂੰ ਮਿਲ ਜਾਂਦਾ ਸੀ। ਪ੍ਰੋਫੈਸਰ ਸਾਹਿਬ ਦਾ ਸੰਗੀਤ ਜਾਂ ਕੀਰਤਨ ਸਿਖਾਉਣ ਦਾ ਢੰਗ ਬਹੁਤ ਵੱਧੀਆ ਸੀ। ਮੇਰੇ ਮਨ ਵਿੱਚ ਹਮੇਸ਼ਾ ਉਹਨਾਂ ਤੋਂ ਕੁਝ ਨੁਕਤੇ ਸਿੱਖਣ ਦਾ ਚਾਅ ਰਹਿੰਦਾ ਸੀ।

ਉਹਨਾਂ ਦੀ ਪ੍ਰੋਫੈਸਰ ਪ੍ਰੀਤਮ ਸਿੰਘ ਜੀ ਪਟਿਆਲੇ ਵਾਲਿਆਂ ਅਤੇ ਪ੍ਰੋਫੈਸਰ ਰਾਮ ਸਿੰਘ ਜੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਾਲਿਆਂ ਨਾਲ ਨੇੜਤਾ ਬਾਰੇ ਜਾਣਕੇ ਉਹਨਾਂ ਪ੍ਰਤੀ ਸਤਿਕਾਰ ਹੋਰ ਵੱਧ ਗਿਆ। ਮਨ ਹੀ ਮਨ ਐਕਲਵਿਆ ਵਾਂਗ ਇਹਨਾਂ ਨੂੰ ਉਸਤਾਦ ਮੰਨ ਕੇ ਰਿਆਜ਼ ਕਰਨ ਲੱਗ ਪਿਆ। ਬਾਅਦ ਵਿੱਚ ਜਦੋਂ ਜਵੱਦੀ ਕਲਾਂ ਵਿੱਚ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸ਼ੁਰੂ ਹੋਏ ਤਾਂ ਉਹਨਾਂ ਦੇ ਨੇੜੇ ਬੈਠਣ ਦਾ ਮੌਕਾ ਮਿਲਿਆ ਤਾਂ ਮਹਿਸੂਸ ਹੋਇਆ ਕਿ ਪ੍ਰੋਫੈਸਰ ਬਹੁਤ ਸ਼ਾਨਦਾਰ ਸ਼ਖਸੀਅਤ ਦੇ ਮਾਲਕ ਹਨ। ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਮੀਟਿੰਗਾਂ ਅਤੇ ਸਮਾਗਮਾਂ ਵਿੱਚ ਉਹਨਾਂ ਦੀ ਸ਼ਮੂਲੀਅਤ ਹਮੇਸ਼ਾ ਹੀ ਵੱਡਮੁੱਲੀ ਰਹਿੰਦੀ ਸੀ। ਅਸੀਂ ਸਾਰੇ ਵਿਦਿਆਰਥੀ ਅਤੇ ਅਧਿਆਪਕ ਉਹਨਾਂ ਤੋਂ ਕੁਝ ਨਾ ਕੁਝ ਸਿਖਦੇ ਰਹਿੰਦੇ ਸਾਂ।

ਉਹਨਾਂ ਦੇ ਕਾਰਜ ਅਤੇ ਮਾਨ ਸਨਮਾਨ ਬਹੁਤ ਵੱਡੇ ਹਨ। ਇਹ ਅੱਜ ਦੇ ਕੀਰਤਨੀਆਂ ਲਈ ਪ੍ਰੇਰਨਾ ਦਾ ਸਾਧਨ ਬਣ ਸਕਦੇ ਹਨ। ਜੇ ਕੋਈ ਉਹਨਾਂ ਦੇ ਨਕਸ਼ੇ-ਕਦਮਾਂ ਤੇ ਚਲਦਿਆਂ ਮਿਹਨਤ ਕਰਨ ਲੱਗ ਪਵੇ ਤਾਂ ਜ਼ਰੂਰ ਕਾਮਯਾਬ ਹੋ ਸਕਦਾ ਹੈ। ਨਿਰਧਾਰਿਤ ਰਾਗਾਂ ਅਤੇ ਨਿਰੋਲ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਦਾ ਸਿਰੜ ਉਹਨਾਂ ਨੇ ਸਾਰੀ ਉਮਰ ਕਾਇਮ ਰੱਖਿਆ।

ਗੁਰਮਤਿ ਸੰਗੀਤ ਅਕੈਡਮੀ ਸ੍ਰੀ ਆਨੰਦ ਪੁਰ ਸਾਹਿਬ ਵਿੱਚ ਉਹਨਾਂ ਇਸੇ ਢੰਗ ਤਰੀਕੇ ਦੀ ਸਿਖਲਾਈ ਦੇ ਕੇ ਅਨੇਕਾਂ ਮਿਆਰੀ ਕੀਰਤਨੀਏ ਤਿਆਰ ਕੀਤੇ। ਬਹੁਤ ਹੀ ਉੱਚੇ ਪੱਧਰ ਦੀਆਂ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਇਹਨਾਂ ਦੀ ਸਹਾਇਤਾ ਨਾਲ ਕੋਈ ਵਿਦਿਆਰਥੀ ਮਿਆਰੀ ਕੀਰਤਨੀਆਂ ਬਣ ਸਕਦਾ ਹੈ।

ਦੇਸ ਵਿਦੇਸ ਦੀਆਂ ਸੰਸਥਾਵਾਂ ਨੇ ਇਹਨਾਂ ਨੂੰ ਮਾਨ ਸਨਮਾਨ ਦੇ ਕੇ ਆਪਣੇ ਆਪ ਨੂੰ ਵਡਭਾਗਾ ਸਮਝਿਆ। ਇਸ ਪੱਖ ਤੋਂ ਉਹ ਇਸ ਵੇਲੇ ਦੇ ਸਭ ਤੋਂ ਮਹਾਨ ਕੀਰਤਨੀਏ ਸਨ। ਅੰਮ੍ਰਿਤ ਕੀਰਤਨ ਵਿੱਚ ਉਹਨਾਂ ਦੀਆਂ ਰਚਨਾਵਾਂ ਛਾਪ ਕੇ ਅਤੇ ਉਹਨਾਂ ਬਾਰੇ ਛਾਪ ਕੇ ਸਾਨੂੰ ਹਮੇਸ਼ਾ ਮਾਣ ਮਹਿਸੂਸ ਹੋਇਆ ਹੈ।

ਦਸੰਬਰ ਦੇ ਅੰਕ ਵਿੱਚ ਉਹਨਾਂ ਦਾ ਲੇਖ ਮੇਰੀ ਸੰਗੀਤ ਯਾਤਰਾ ਪ੍ਰਕਾਸ਼ਿਤ ਕੀਤਾ ਸੀ। ਜਾਪਦਾ ਹੈ ਉਹਨਾਂ ਦੇ ਦੇਹਾਂਤ ਨਾਲ ਉਹਨਾਂ ਦੀ ਸੰਗੀਤ ਯਾਤਰਾ ਸਮਾਪਤ ਹੋ ਗਈ ਪਰ ਨਹੀਂ ਉਹਨਾਂ ਦੇ ਰਿਕਾਰਡ ਕੀਤੇ ਕੀਰਤਨ ਅਤੇ ਪੁਸਤਕਾਂ ਦੇ ਪ੍ਰਭਾਵ ਕਾਰਨ ਗੁਰਮਤਿ ਸੰਗੀਤ ਦਾ ਰੁੱਖ ਸਦਾ ਵਧਦਾ ਫੁਲਦਾ ਰਹੇਗਾ।

ਉਹਨਾਂ ਦੇ ਵਿਅਕਤਿਤਵ ਬਾਰੇ ਸੋਚਦਾ ਬਹੁਤ ਕੁਝ ਹਾਂ ਪਰ ਸੀਮਿਤ ਬੁੱਧੀ ਅਤੇ ਸ਼ਕਤੀ ਕਾਰਨ ਲਿਖਿਆ ਨਹੀਂ ਜਾਂਦਾ। ਇਤਨਾ ਹੀ ਪ੍ਰਵਾਨ ਕਰਨਾ।

ਭੁੱਲ ਚੁੱਕ ਖਿਮਾ

# ਗੁਰਮਤਿ ਸੰਗੀਤ ਦੀ ਅਦੁੱਤੀ ਸਖ਼ਸ਼ੀਅਤ ਪ੍ਰੋ. ਕਰਤਾਰ ਸਿੰਘ

**ਡਾ. ਗੁਰਨਾਮ ਸਿੰਘ**

ਸੰਗੀਤ ਤੇ ਗੁਰਮਤਿ ਸੰਗੀਤ ਦੇ ਖੇਤਰ ਦੀ ਇੱਕ ਅਦੁੱਤੀ ਸਖ਼ਸ਼ੀਅਤ 'ਪਦਮ ਸ੍ਰੀ' ਪ੍ਰੋ. ਕਰਤਾਰ ਸਿੰਘ ਜੀ ਸਾਨੂੰ ਸਦਾ ਸਦਾ ਲਈ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਸੈਂਕੜੇ ਸ਼ਾਗਿਰਦ ਤੇ ਮੁਰੀਦਾਂ ਲਈ ਇਹ ਅਸਹਿ ਤੇ ਅਪੂਰ ਸਦਮਾ ਹੈ। ਗੁਰਮਤਿ ਸੰਗੀਤ ਦੇ ਵੀ ਇੱਕ ਵਿਦਵਾਨ ਕੀਰਤਨੀਏ, ਸਾਧਕ ਤੇ ਉਸਤਾਦ ਅਧਿਆਪਕ ਦੀ ਸਦੀਵੀ ਘਾਟ ਸਾਨੂੰ ਹਮੇਸ਼ਾ ਰਹਿੰਦੀ ਰਹੇਗੀ ਹੈ। ਪ੍ਰੋ. ਕਰਤਾਰ ਸਿੰਘ ਜੀ ਨੇ ਨਿਰੰਤਰ ਕਈ ਦਹਾਕੇ ਕਰਮਸ਼ੀਲ ਤੇ ਕਰਮਯੋਗੀ ਸਾਧਕ ਵਜੋਂ ਆਪਣਾ ਜੀਵਨ ਨਿਭਾਇਆ ਅਤੇ 'ਸੇਵਕ ਕੀ ਓੜਕ ਨਿਬਹੀ ਪ੍ਰੀਤ'ਦੇ ਅੰਤਮ ਸੱਚ ਨੂੰ ਆਪਣੀ ਕਰਣੀ ਤੇ ਕਥਨੀ ਦੁਆਰਾ ਸੱਚ ਕਰ ਦਿਖਾਇਆ। ਗੁਰਮਤਿ ਸੰਗੀਤ ਦੇ ਕਾਫਲੇ ਦੀ ਪਹਿਲੀ ਕਤਾਰ ਵਿਚ ਸ਼ੁਮਾਰ ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਦੀ ਅਗਲੀ ਪੀੜੀ ਲਈ ਇਕ ਆਦਰਸ਼ ਗੁਰਮਤਿ ਸੰਗੀਤਾਚਾਰੀਆ ਸਨ ਜਿਨ੍ਹਾਂ ਕੋਲ ਇਸ ਵਿਸ਼ੇ ਦਾ ਕਿਰਿਆਤਮਕ ਗਿਆਨ ਤੇ ਉਸ ਦੀ ਪੇਸ਼ਕਾਰੀ ਦਾ ਮੌਲਿਕ ਅੰਦਾਜ਼ ਸੀ। ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਦੀ ਤਰਾਂ ਪ੍ਰੋ. ਕਰਤਾਰ ਸਿੰਘ ਵੀ ਪਹਿਲਾਂ ਭਾਰਤੀ ਸੰਗੀਤ ਦੇ ਕੁਸ਼ਲ ਅਧਿਆਪਕ ਤੇ ਬਾਅਦ ਵਿਚ ਗੁਰਮਤਿ ਸੰਗੀਤ ਦੇ ਵਿਦਵਾਨ ਪ੍ਰਚਾਰਕ ਵਜੋਂ ਜਾਣੇ ਜਾਂਦੇ ਹਨ। ਦੋਹਾਂ ਨੇ ਹੀ ਸੰਗੀਤ ਅਧਿਆਪਨ ਦੀ ਸੇਵਾ ਨਿਵਰਤੀ ਉਪਰੰਤ ਆਪਣਾ ਜੀਵਨ ਗੁਰਮਤਿ ਸੰਗੀਤ ਨੂੰ ਸਮਰਪਿਤ ਕੀਤਾ ਅਤੇ ਮਹੱਤਵਪੂਰਨ ਗੁਰਮਤਿ ਸੰਗੀਤ ਲਿਖਤਾਂ ਪ੍ਰਦਾਨ ਕੀਤੀਆਂ। ਮੇਰੀ ਖੁਸ਼ਕਿਸਮਤੀ ਹੈ ਕਿ ਉਨ੍ਹਾਂ ਨਾਲ ਵਿਦਿਆਰਥੀ ਜੀਵਨ ਕਾਲ ਤੋਂ ਲੈ ਕੇ ਚਾਲੀ ਵਰ੍ਹਿਆਂ ਤੋਂ ਵੱਧ ਸਾਥ ਰਿਹਾ।

ਪ੍ਰੋ. ਕਰਤਾਰ ਸਿੰਘ ਦਾ ਜਨਮ 3 ਅਪ੍ਰੈਲ, 1928 ਨੂੰ ਸ. ਅਤਰ ਸਿੰਘ ਦੇ ਗ੍ਰਹਿ ਮਾਤਾ ਹਰਨਾਮ ਕੌਰ ਦੀ ਕੁਖੋਂ ਪਿੰਡ ਘੁਮਾਣ, ਜਿਲ੍ਹਾ ਲਾਹੌਰ (ਪਾਕਿਸਤਾਨ) ਵਿਖੇ ਹੋਇਆ। ਪਿੰਡ ਤੋਂ ਸਕੂਲੀ ਪੜਾਈ ਪ੍ਰਾਪਤ ਕਰਦਿਆਂ ਆਪ ਨੂੰ ਸ਼ਬਦ ਅਤੇ ਸ਼ਬਦ ਕੀਰਤਨ ਸੁਣਨ ਦੀ ਚੇਟਕ ਲੱਗੀ। ਆਪ ਨੇ ਪੰਡਤ ਨੱਥੂ ਰਾਮ (ਤਰਨਤਾਰਨ ਟਕਸਾਲ ਵਾਲੇ), ਗਿਆਨੀ ਗੁਰਚਰਨ ਸਿੰਘ ਕੈਨੇਡੀਅਨ, ਭਾਈ ਸੁੰਦਰ ਸਿੰਘ (ਕਸੂਰ ਵਾਲੇ), ਭਾਈ ਦਲੀਪ ਸਿੰਘ, ਭਾਈ ਪੂਰਨ ਸਿੰਘ (ਤਰਨਤਾਰਨ), ਭਾਈ ਅਮੋਲਕ ਸਿੰਘ (ਲਾਹੌਰ) ਅਤੇ ਕਰਮਾ ਰਬਾਬੀ ਆਦਿ ਤੋਂ ਸੰਗੀਤ ਅਤੇ ਗੁਰਮਤਿ ਸੰਗੀਤ ਦੀ ਗੂੜ ਤਾਲੀਮ ਹਾਸਲ ਕੀਤੀ। ਇਸ ਤੋਂ ਇਲਾਵਾ ਆਪ ਨੇ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਗਿਆਨੀ, ਉਸਤਾਦ ਜਸਵੰਤ ਸਿੰਘ ਭੰਵਰਾ ਦੀ ਅਗਵਾਈ ਹੇਠੋਂ ਸੰਗੀਤ ਪ੍ਰਭਾਕਰੋ ਅਤੇ 'ਸੰਗੀਤ ਭਾਸਕਰ'ਗਾਇਨ-ਵਾਦਨ ਦੀ ਡਿਗਰੀ, ਸ੍ਰੀ ਬਲਵੰਤ ਰਾਇ ਜਸਵਾਲ ਦੀ ਸਰਪ੍ਰਸਤੀ ਹੇਠ ਪ੍ਰਯਾਗ ਸੰਗੀਤ ਸੰਗਤੀ, ਇਲਾਹਾਬਾਦ ਤੋਂ 'ਸੰਗੀਤ ਪ੍ਰਵੀਨ' ਅਤੇ 1967 ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਸੰਗੀਤ ਦੀ ਮਾਸਟਰ ਡਿਗਰੀ ਹਾਸਲ ਕੀਤੀ।

ਪ੍ਰੋ. ਕਰਤਾਰ ਸਿੰਘ ਗੁਰਮਤਿ ਸੰਗੀਤ ਦੀ ਵਿਹਾਰਕਤਾ ਨਾਲ ਲੰਬੇ ਸਮੇਂ ਤੋਂ ਜੁੜੇ ਹੋਏ ਸਨ। ਆਪ ਨੇ ਦੇਸ਼ ਵੰਡ ਤੋਂ ਪਹਿਲਾਂ 1945 ਈਸਵੀ ਵਿਚ ਪਾਕਿਸਤਾਨ ਦੇ ਗੁਰਦੁਆਰਾ ਸਿੰਘ ਸਭਾ ਮੰਡੀ ਰੀਨਾਲਾ ਖੁਰਦ ਜਿਲ੍ਹਾ ਮਿੰਟਗੁਮਰੀ ਅਤੇ ਗੁਰਦੁਆਰਾ ਸਿੰਘ ਸਭਾ ਗੁਜਰਾਂਵਾਲਾ ਤੋਂ ਕੀਰਤਨ ਦੀ ਸੇਵਾ ਪ੍ਰਾਰੰਭ ਕੀਤੀ ਤੇ ਹੁਣ ਤਕ ਆਪ ਗੁਰਮਤਿ ਸੰਗੀਤ ਦੀ ਵਿਹਾਰਕਤਾ ਨਾਲ ਨਿਰੰਤਰ ਜੁੜੇ ਹੋਏ ਸਨ। ਸ਼ਬਦ ਕੀਰਤਨ ਦੇ ਨਾਲ-ਨਾਲ ਆਪ ਨੇ ਸੰਗੀਤ ਅਧਿਆਪਨ ਦੇ ਕਾਰਜ ਨੂੰ ਅਪਣਾਇਆ ਅਤੇ ਅਨੇਕਾਂ ਵਿਦਿਆਰਥੀਆਂ ਨੂੰ ਸੰਗੀਤ ਤੇ ਗੁਰਮਤਿ ਸੰਗੀਤ ਨਾਲ ਜੋੜਿਆ। ਆਪ ਵਲੋਂ ਸ਼ਬਦ ਕੀਰਤਨ ਰਚਨਾਵਾਂ ਦੇ ਰੂਪ ਵਿਚ ਜੋ ਕਾਰਜ ਕੀਤਾ ਗਿਆ ਹੈ, ਉਸ ਪਿਛੇ ਆਪ ਦੇ ਜੀਵਨ ਦਾ ਸੰਗੀਤ ਪ੍ਰਤੀ ਲੰਬਾ ਤਜਰਬਾ ਸਪਸ਼ਟ ਪ੍ਰਤੱਖ ਹੁੰਦਾ ਹੈ। ਸੰਗੀਤ ਰਚਨਾ ਕਿਸੇ ਕਲਾਕਾਰ ਮਨ ਦੇ ਉੱਤਮ ਮੌਲਿਕ ਸੰਗੀਤਕ ਅਨੁਭਵ ਦੀ ਕਿਰਤ ਵਜੋਂ ਸੰਗੀਤਕ ਰੂਪ ਵਿਚ ਸਰੂਪਤ ਹੁੰਦੀ ਹੈ। ਸੰਗੀਤ ਰਚਨਾ ਸਾਧਾਰਣ ਅਨੁਭਵ ਤੋਂ ਪਰ੍ਹੇ ਦੀ ਅਵਸਥਾ ਤੇ ਅਕਹਿ ਪਲਾਂ ਦੀ ਦਾਸਤਾਂ ਹੈ। ਇਸੇ ਕਰਕੇ ਸੰਗੀਤ ਦੇ ਖੇਤਰ ਦਾ ਹਰ ਗਾਇਕ ਜਾਂ ਅਧਿਆਪਕ ਸੰਗੀਤ ਰਚਨਾਕਾਰ ਤਾਂ ਨਹੀਂ ਹੋ ਸਕਦਾ। ਗੁਰਮਤਿ ਸੰਗੀਤ ਵਿਚ ਸ਼ਬਦ ਰਚਨਾ ਸੰਗੀਤ ਦੀਆਂ ਦੂਸਰੀਆਂ ਪਰੰਪਰਾਵਾਂ ਨਾਲੋਂ ਹੋਰ ਵੀ ਕਠਿਨ ਕਾਰਜ ਹੈ। ਸ਼ਬਦ ਤੇ ਸੰਗੀਤ ਨੂੰ 'ਕੀਰਤਨ' ਹਿਤ ਰਚਨਾ ਵਜੋਂ ਪ੍ਰਸਤੁਤ ਕਰਨ ਲਈ ਜ਼ਰੂਰੀ ਹੈ ਮਨ, ਬਚ, ਕਰਮ ਕਰਕੇ 'ਸ਼ਬਦ'ਨਾਲ ਅਨੁਭਵ ਦੇ ਪੱਧਰ ਤੇ ਜੁੜਨਾ, ਕੀਰਤਨ ਰੂਪ ਵਿਚ ਸ਼ਬਦ ਨੂੰ ਸੰਗੀਤਕ ਕੈਨਵਸ ਉੱਤੇ ਸੰਪੂਰਣ ਕਰਨਾ, ਦੁਧਾਰੀ ਤਲਵਾਰ ਦੇ ਚਲਣ ਸਮਾਨ ਹੈ।

ਗੁਰਮਤਿ ਸੰਗੀਤ ਦੇ ਰਚਨਾਤਮਕ ਖੇਤਰ ਵਿਚ ਪ੍ਰੋ. ਕਰਤਾਰ ਸਿੰਘ ਦਾ ਵਿਸ਼ੇਸ਼ ਯੋਗਦਾਨ ਸੀ। ਆਪ ਨੇ ਗੁਰਮਤਿ ਸੰਗੀਤ ਰਚਨਾਵਾਂ ਦਾ ਛੇ ਪੁਸਤਕਾਂ ਦੇ ਰੂਪ ਵਿਚ ਸੁਰਲਿਪੀ ਬੱਧ ਸੰਗ੍ਰਹਿ ਭੇਟ ਕੀਤੇ ਹਨ ਜਦੋਂ ਕਿ ਭਗਤ ਬਾਣੀ ਸੰਗੀਤ ਦਰਪਣ ਛਪਾਈ ਅਧੀਨ ਹੈ। ਇਸ ਤੋਂ ਇਲਾਵਾ ਇੱਕ ਪੁਸਤਕ ਗੁਰੂ ਨਾਨਕ ਦੇਵ ਸੰਗੀਤ ਦਰਪਣ ਅੱਠਵੀਂ ਪੁਸਤਕ ਦਾ ਕੰਮ ਲਿਖਤੀ ਰੂਪ ਵਿੱਚ ਲਗਭਗ ਮੁਕੰਮਲ ਹੋ ਚੁੱਕਾ ਹੈ। ਸਾਰੀਆਂ ਪ੍ਰਕਾਸ਼ਿਤ ਪੁਸਤਕਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ ਹੋਈਆਂ ਹਨ। ਆਪ ਦੀਆਂ ਪੁਸਤਕਾਂ ਵਿਚ ਗੁਰਮਤਿ ਸੰਗੀਤ ਦੇ ਨਿਰਧਾਰਤ ਅਤੇ ਮਿਸ਼ਰਤ ਰਾਗਾਂ ਅਧੀਨ ਦੋ ਹਜ਼ਾਰ ਤੋਂ ਵੱਧ ਸ਼ਬਦ ਕੀਰਤਨ ਰਚਨਾਵਾਂ ਦਾ ਵਿਸ਼ਾਲ ਸੰਗ੍ਰਹਿ ਮੌਜੂਦ ਹੈ। ਇਹ ਸਾਰੀਆਂ ਸ਼ਬਦ ਕੀਰਤਨ ਰਚਨਾਵਾਂ ਵੱਖ-ਵੱਖ ਗਾਇਨ ਸ਼ੈਲੀਆਂ ਜਿਵੇਂ ਧਰੁਪਦ, ਧਮਾਰ, ਖਿਆਲ, ਪੜਤਾਲ, ਘੋੜੀਆਂ, ਅਲਾਹੁਣੀਆਂ ਆਦਿ ਵਿਚ ਸੁਰਲਿਪੀ ਬੱਧ ਕੀਤੀਆਂ ਗਈਆਂ ਹਨ। ਸ਼ਬਦ ਕੀਰਤਨ ਰਚਨਾਵਾਂ ਹਿਤ ਆਪ ਵਲੋਂ ਵੱਖ-ਵੱਖ ਪ੍ਰਚਲਿਤ ਅਤੇ ਅਪ੍ਰਚਲਿਤ ਸਰਲ ਤੇ ਵਿਕਟ ਤਾਲਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਨ੍ਹਾਂ ਪੁਸਤਕਾਂ ਵਿਚ ਗੁਰਮਤਿ ਸੰਗੀਤ ਪ੍ਰਤੀ ਸੰਖੇਪਿਤ ਜਾਣਕਾਰੀ ਵੀ ਦਰਜ ਕੀਤੀ ਗਈ ਹੈ।

ਪ੍ਰੋ. ਕਰਤਾਰ ਸਿੰਘ ਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਬ ਕਮੇਟੀ ਅਤੇ ਸਲੈਕਸ਼ਨ ਕਮੇਟੀ ਦੇ ਵੀ ਮੈਂਬਰ ਸਨ। ਆਪ ਗੁਰਮਤਿ ਸੰਗੀਤ ਵਿਭਾਗ ਤੇ ਗੁਰਮਤਿ ਸੰਗੀਤ ਚੇਅਰ ਪੰਜਾਬੀ ਯੂਨੀਵਰਸਿਟੀ ਦੇ ਨਾਲ ਵੀ ਬਤੌਰ ਸਲਾਹਕਾਰ ਜੁੜੇ ਰਹੇ। ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਤੋਂ ਇਲਾਵਾ ਗੁਰਮਤਿ ਸੰਗੀਤ ਸਮਾਗਮਾਂ ਵਿੱਚ ਆਪ ਦੀ ਹਾਜ਼ਰੀ ਵਿਸ਼ੇਸ਼ ਮਹੱਤਤਾ ਰੱਖਦੀ ਸੀ। ਜਵੱਦੀ ਟਕਸਾਲ ਤੋਂ ਇਲਾਵਾ ਵੱਖ ਵੱਖ ਮਿਊਜ਼ਿਕ ਕੰਪਨੀਆਂ ਤੇ ਚੈਨਲਾਂ ਨੇ ਆਪ ਜੀ ਦੀ ਆਡਿਓ-ਵਿਡੀਓ ਰਿਕਾਰਡਿੰਗ ਕੀਤੀ ਹੈ ਜੋ ਇੰਟਰਨੈੱਟ ਤੇ ਉਪਲੱਬਧ ਵੀ ਹੈ।

17 ਅਪ੍ਰੈਲ 1999 ਈਸਵੀ ਵਿੱਚ ਆਪ ਗੁਰਮਤਿ ਸੰਗੀਤ ਅਕਾਡਮੀ ਸ੍ਰੀ ਅਨੰਦਪੁਰ ਵਿਖੇ ਬਤੌਰ ਡਾਇਰੈਕਟਰ ਨਿਯੁਕਤ ਹੋਏ। ਇਥੇ ਰਹਿ ਕੇ ਆਪ ਨੇ ਸੈਂਕੜੇ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਟਕਸਾਲੀ ਸਿੱਖਿਆ ਪ੍ਰਦਾਨ ਕੀਤੀ। ਆਪ ਜੀ ਦੇ ਵਿਦਿਆਰਥੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਤੋਂ ਇਲਾਵਾ ਦੇਸ਼ ਦੇ ਵੱਖ ਵੱਖ ਇਲਾਕਿਆਂ ਤੇ ਵਿਦੇਸ਼ਾਂ ਵਿੱਚ ਕੀਰਤਨ ਦੀ ਸੇਵਾ ਨਿਭਾਅ ਰਹੇ ਹਨ।

ਪ੍ਰੋ. ਕਰਤਾਰ ਸਿੰਘ ਨੂੰ ਗੁਰਮਤਿ ਸੰਗੀਤ ਦੇ ਖੇਤਰ ਵਿਚ ਵਡਮੁੱਲੇ ਯੋਗਦਾਨ ਹਿਤ ਰਾਸ਼ਟਰੀ ਅਤੇ ਅੰਤਰ੍ਰਾਸ਼ਟਰੀ ਪੱਧਰ ਤੇ ਵੱਖ-ਵੱਖ ਸੰਸਥਾਵਾਂ ਵਲੋਂ ਸਮੇਂ-ਸਮੇਂ ਤੇ ਵਿਸ਼ੇਸ਼ ਰੂਪ ਵਿਚ ਸਨਮਾਨਿਤ ਕੀਤਾ ਗਿਆ ਹੈ। ਆਪਣੇ ਜੀਵਨ ਕਾਲ ਵਿੱਚ ਹੋਰ ਵੱਡੇ ਸਨਮਾਨਾਂ ਤੋਂ ਇਲਾਵਾ ਪ੍ਰੋ. ਕਰਤਾਰ ਸਿੰਘ ਨੂੰ ਸ਼੍ਰੋਮਣੀ ਰਾਗੀ ਅਵਾਰਡ, ਟੈਗੋਰ ਅਵਾਰਡ, ਸੰਗੀਤ ਨਾਟਕ ਅਕਾਦਮੀ ਅਵਾਰਡ, ਪਦਮ ਸ੍ਰੀ ਆਦਿ ਵਰਗੇ ਵੱਡੇ ਸਨਮਾਨਾਂ ਨਾਲ ਨਿਵਾਜਿਆ ਗਿਆ। ਗੁਰਮਤਿ ਸੰਗੀਤ ਦੇ ਖੇਤਰ ਵਿਚ ਪ੍ਰੋ. ਕਰਤਾਰ ਸਿੰਘ ਦਾ ਕਾਰਜ ਇਕ ਨਿਵੇਕਲੀ ਧਾਰਾ ਵਜੋਂ ਪਛਾਣਿਆ ਜਾਂਦਾ। ਗੁਰਮਤਿ ਸੰਗੀਤਾਚਾਰੀਆ 'ਪਦਮ ਸ੍ਰੀ' ਪ੍ਰੋ. ਕਰਤਾਰ ਸਿੰਘ ਜੀ ਦੇ ਅਕਾਲ ਚਲਾਣੇ ਨਾਲ ਪੰਥਕ ਹਲਕਿਆਂ ਨੂੰ ਸੱਚਮੁਚ ਹੀ ਕਦੇ ਵੀ ਨਾ ਪੂਰਾ ਹੋ ਸਕਣ ਵਾਲਾ ਘਾਟਾ ਪਿਆ ਹੈ।

ਪ੍ਰੋ. ਕਰਤਾਰ ਸਿੰਘ ਦਾ ਜੀਵਨ ਪੰਜਾਬ ਦੀ ਸੰਗੀਤ ਪਰੰਪਰਾ ਅਤੇ ਗੁਰਮਤਿ ਸੰਗੀਤ ਦਾ ਇਤਿਹਾਸ ਸਮੋਈ ਬੈਠਾ ਹੈ ਜੋ ਆਉਣ ਵਾਲੇ ਸਮੇਂ ਵਿੱਚ ਇਸ ਮਾਰਗ ਦੇ ਪਾਂਧੀਆਂ ਲਈ ਰਾਹ ਦਸੇਰਾ ਸਾਬਿਤ ਹੋਵੇਗਾ। ਅਸੀਂ ਪ੍ਰੋ. ਕਰਤਾਰ ਸਿੰਘ ਦੇ ਵਿਦਿਆਰਥੀਆਂ ਤੇ ਸਿਖਿਆਰਥੀਆਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਉਨ੍ਹਾਂ ਦੇ ਮੌਲਿਕ ਕੀਰਤਨ ਅੰਦਾਜ਼ ਨੂੰ ਕਾਇਮ ਰੱਖਣ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਅਪੀਲ ਹੈ ਕਿ ਉਹ ਸਿੱਖ ਅਜਾਇਬ ਘਰ ਵਿੱਚ ਉਨ੍ਹਾਂ ਦੀ ਤਸਵੀਰ ਸੁਸ਼ੋਭਿਤ ਕਰਨ ਤੋਂ ਇਲਾਵਾ ਉਨ੍ਹਾਂ ਦੀ ਕੋਈ ਢੁਕਵੀਂ ਯਾਦਗਾਰ ਸਥਾਪਿਤ ਕਰਨ।

**ਬਾਨੀ ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ**
**ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਸਜਣ ਮੇਰੇ ਰੰਗੁਲੇ .........

**ਡਾ. ਏ ਪੀ ਸਿੰਘ 'ਰਿਦਮ'**

ਉਨ੍ਹਾਂ ਦੇ ਸੰਗੀਤ ਦਾ ਤਾਂ ਸਾਰਾ ਜਗ ਕਾਇਲ ਹੈ, ਪਰ ਮੈਨੂੰ ਉਨ੍ਹਾਂ ਦੀ ਸੰਗਤ ਵਿਚ ਰਹਿੰਦਿਆਂ ਹੋਰ ਵੀ ਬਹੁਤ ਕੁਝ ਸਿੱਖਣ ਨੂੰ ਮਿਲਿਆ, ਜੋ ਆਮ ਜੀਵਨ ਵਿੱਚ ਸੰਭਵ ਹੀ ਨਹੀਂ। ਉੱਚੀ ਤੇ ਸੁੱਚੀ ਬੁੱਧ ਬਿਬੇਕ ਦੇ ਧਾਰਨੀ, ਨਿੱਤਨੇਮੀ, ਹਲੀਮੀ ਤੇ ਨਿਰਮਾਣਤਾ ਦੇ ਪੁੰਜ, ਗੁਰਮਤਿ ਸੰਗੀਤ ਹੀ ਨਹੀਂ ਸਗੋਂ ਸੰਗੀਤ ਦੀਆਂ ਵਿਭਿੰਨ ਧਾਰਾਵਾਂ ਦੇ ਵਿਦਵਾਨ ਹਸਤਾਖ਼ਰ, ਸਿੱਖ ਪੰਥ ਦੀ ਮਾਣਯੋਗ ਸ਼ਖ਼ਸੀਅਤ, ਸੰਗੀਤ ਸ਼ਰੋਮਣੀ, ਗੁਰਮਤਿ ਸੰਗੀਤਾਚਾਰੀਆ, ਪਦਮਸ਼੍ਰੀ ਪ੍ਰੋਫੈਸਰ ਕਰਤਾਰ ਸਿੰਘ ਦੀ ਰੰਗਲੀ ਸੰਗਤ ਵਿਚ ਰਹਿ ਕੇ ਗੁਰਬਾਣੀ ਨੂੰ ਸਮਝਣ, ਸੰਗੀਤ ਵਿਚ ਢਾਲਣ, ਜੀਵਨ ਵਿਚ ਅਪਣਾਉਣ ਦੀ ਜੁਗਤ ਪ੍ਰਾਪਤ ਹੋਈ ਹੈ।

ਗੁਰਬਾਣੀ ਵਿਚ ਦਰਸਾਈ ਗਈ ਭਲੇ ਕੀਰਤਨੀਏ ਦੀ ਪਛਾਣ 'ਰਾਮ ਰਮਾ ਰਾਮਾ ਗੁਣ ਗਾਉ।। ਛੋਡਿ ਮਾਇਆ ਕੇ ਧੰਧ ਸੁਆਉ।।' ਦਾ ਪੂਰਨ ਪ੍ਰਤੱਖਣ ਆਪ ਜੀ ਦੇ ਕੀਰਤਨ ਅਤੇ ਜੀਵਨ ਤੋਂ ਸਪਸ਼ਟ ਝਲਕਦਾ ਸੀ। ਕਦੇ ਵੀ ਮਾਇਆ ਨੂੰ ਮੁੱਖ ਨਹੀਂ ਰੱਖਿਆ ਤੇ ਨਾ ਹੀ ਕਦੇ 'ਕੀਰਤਨ ਭੇਟਾ' ਦੀ ਮੰਗ ਕੀਤੀ। ਆਪਣੇ ਕੋਲੋਂ ਪੈਸੇ ਖ਼ਰਚ ਕਰ ਕੇ ਗੱਡੀ ਦਾ ਇੰਤਜ਼ਾਮ ਕਰਨਾ ਅਤੇ ਆਪਣੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਕੀਰਤਨ ਹਾਜ਼ਰੀ ਲਈ ਪਹੁੰਚ ਜਾਣਾ, ਇਹ ਕੇਵਲ ਪ੍ਰੋਫੈਸਰ ਕਰਤਾਰ ਸਿੰਘ ਜੀ ਦੇ ਹਿੱਸੇ ਹੀ ਆਇਆ ਹੈ। ਸਾਰੇ ਵਿਦਿਆਰਥੀਆਂ ਨੂੰ ਸਟੇਜ 'ਤੇ ਗਾਇਨ ਕਰਨ ਦਾ ਮੌਕਾ ਦੇਣਾ, ਪ੍ਰਬੰਧਕ ਕਮੇਟੀ ਨਾਲ ਸਾਰੇ ਵਿਦਿਆਰਥੀਆ ਦੀ ਜਾਣਕਾਰੀ ਸਾਂਝੀ ਕਰਨਾ, ਹਰ ਸੰਗੀਤ ਉਸਤਾਦ ਦੇ ਵੱਸ ਦੀ ਗਲ ਨਹੀਂ।

ਮੇਰੇ ਪਿਤਾ ਡਾ. ਕੰਵਲਜੀਤ ਸਿੰਘ ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਫੈਕਲਟੀ ਵਜੋਂ ਸੇਵਾ ਨਿਭਾ ਰਹੇ ਹਨ, ਡਾ. ਗੁਰਨਾਮ ਸਿੰਘ ਜੀ ਦੀ ਅਸੀਸ ਨਾਲ ਮੈਂ ਐਮ ਏ ਗੁਰਮਤਿ ਸੰਗੀਤ ਵਿਚ 2009 ਵਿਚ ਦਾਖਲਾ ਲੈ ਲਿਆ। ਇਸ ਦੌਰਾਨ ਮੈਨੂੰ ਅਨੇਕਾਂ ਕੀਰਤਨੀਆਂ, ਸੰਗੀਤਕਾਰਾਂ, ਵਾਦਕਾਂ ਅਤੇ ਪ੍ਰੀਖਿਅਕ ਵਜੋਂ ਆਉਣ ਵਾਲੀਆਂ ਵਿਭੂਤੀਆਂ ਨਾਲ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ। ਸੰਗੀਤ ਦੀ ਦਾਤ ਮੈਨੂੰ ਘਰ ਤੋਂ ਹੀ ਪ੍ਰਾਪਤ ਹੋਈ ਹੋਣ ਕਰ ਕੇ ਮੈਂ ਰਬਾਬ, ਦਿਲਰੁਬਾ, ਤਾਊਸ ਵਰਗੇ ਸੂਖਮ ਤੰਤੀ ਸਾਜ਼ਾਂ ਦੇ ਵਾਦਨ ਦੀ ਜਾਣਕਾਰੀ ਅਤੇ ਅਭਿਆਸ ਤਾਂ ਪਹਿਲਾਂ ਹੀ ਸੀ ਪਰ ਸਵਰਗਵਾਸੀ ਪ੍ਰਿੰਸੀਪਲ ਸ਼ਮਸ਼ੇਰ ਸਿੰਘ ਕਰੀਰ, ਪ੍ਰਿੰਸੀਪਲ ਨਰਿੰਦਰ ਨਰੂਲਾ, ਪ੍ਰੋ. ਗੁਰਪ੍ਰਤਾਪ ਸਿੰਘ ਗਿੱਲ, ਪੰਡਤ ਓਮ ਪ੍ਰਕਾਸ਼ ਥਾਪਰ, ਡਾ. ਹਰਵਿੰਦਰ ਸਿੰਘ, ਡਾ. ਜਸਵੰਤ ਸਿੰਘ ਕੁਰੂਕਸ਼ੇਤਰ ਨਾਲ ਵਿਚਾਰ ਚਰਚਾ ਨੇ ਹਮੇਸ਼ਾ ਹੀ ਸੰਗੀਤ ਨੂੰ ਹੋਰ ਨੇੜਿਉਂ ਸਮਝਣ ਦੀ ਸੋਝੀ ਪ੍ਰਦਾਨ ਕੀਤੀ। ਪਰ ਜਦੋਂ ਵੀ ਪ੍ਰੋਫੈਸਰ ਕਰਤਾਰ ਸਿੰਘ ਜੀ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੁੰਦਾ, ਤਾਂ ਇੰਝ ਲਗਦਾ ਕਿ ਮੇਰੇ ਜੀਵਨ ਵਿਚ ਵਿਸ਼ੇਸ਼ ਪ੍ਰਕਾਰ ਦਾ ਬਦਲਾਅ ਆ ਜਾਂਦਾ ਹੈ। ਸਹਿਜਤਾ, ਸਾਦਗੀ, ਨਾਮ ਸਿਮਰਨ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਨੂੰ ਸਮਝਣ ਦੀ ਤੀਬਰਤਾ ਵਿਚ ਵਾਧਾ, ਸੁਰ ਅਭਿਆਸ ਪ੍ਰਤਿ ਝੁਕਾਅ, ਗੁਰੂ ਸਾਹਿਬਾਨ ਵੱਲੋਂ ਵਰੋਸਾਏ ਗਏ ਤੰਤੀ ਸਾਜ਼ਾਂ ਦੇ ਪ੍ਰਚਾਰ ਦਾ ਚਾਅ ਤੇ ਉਮੰਗ ਆਦਿ ਅਨੇਕ ਪ੍ਰਕਾਰ ਦੇ ਕਾਰਜ ਮੇਰੀ ਪਹਿਲ ਹੋ ਨਿੱਬੜਦੇ।

ਮੈਨੂੰ ਡਾ. ਗੁਰਨਾਮ ਸਿੰਘ ਜੀ ਦੇ ਕੀਰਤਨ ਨੇ ਹਮੇਸ਼ਾ ਹੀ ਪ੍ਰਭਾਵਿਤ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ

ਸੰਗੀਤ ਵਿਧਾਨ ਅਤੇ ਰਾਗਦਾਰੀ ਨੂੰ ਧਿਆਨ ਵਿਚ ਰੱਖਦਿਆਂ ਗੁਰਬਾਣੀ ਗਾਇਨ ਕਰਨ ਦੀ ਜਾਗ ਮੈਨੂੰ ਉਨ੍ਹਾਂ ਤੋਂ ਲਗੀ ਹੈ। ਗੁਰਮਤਿ ਸੰਗੀਤ ਵਿਭਾਗ ਦੀ ਲਾਇਬ੍ਰੇਰੀ ਵਿਚ ਸੰਤ ਸਰਵਣ ਸਿੰਘ ਗੰਧਰਵ, ਪ੍ਰੋਫੈਸਰ ਤਾਰਾ ਸਿੰਘ, ਪ੍ਰਿੰਸੀਪਲ ਦਿਆਲ ਸਿੰਘ, ਭਾਈ ਅਵਤਾਰ ਸਿੰਘ - ਗੁਰਚਰਨ ਸਿੰਘ ਆਦਿ ਵਿਦਵਾਨਾਂ ਦੀਆਂ ਪੁਸਤਕਾਂ ਉਪਲਬਧ ਸਨ। ਇਨ੍ਹਾਂ ਵਿਦਵਾਨਾਂ ਦੁਆਰਾ ਐਨੇ ਵੱਡੇ ਪੱਧਰ 'ਤੇ ਕੀਤੇ ਗਏ ਕਾਰਜ ਮੈਨੂੰ ਹਮੇਸ਼ਾ ਆਕਰਸ਼ਿਤ ਕਰਦੇ ਰਹੇ ਹਨ। ਪ੍ਰੋਫੈਸਰ ਕਰਤਾਰ ਸਿੰਘ ਇੱਕੋ ਇਕ ਅਜਿਹੇ ਵਿਦਵਾਨ ਕੀਰਤਨਕਾਰ ਸਨ ਜਿਨ੍ਹਾਂ ਦੀਆਂ ਪੁਸਤਕਾਂ, ਕੀਰਤਨ ਪ੍ਰਸਤੁਤੀਆਂ ਅਤੇ ਅਧਿਆਪਨ ਵਿਧੀ ਦੇ ਮੈਨੂੰ ਇੱਕੋ ਸਮੇਂ ਦਰਸ਼ਨ ਹੋ ਰਹੇ ਸਨ, ਸਮਝਣ ਦਾ ਸੁਭਾਗ ਹੋ ਰਿਹਾ ਸੀ।

ਮੇਰੇ ਮਨ ਦੀ ਇੱਛਾ ਸੀ ਕਿ ਮੈਂ ਵੀ ਪ੍ਰੋਫੈਸਰ ਸਾਹਿਬ ਨਾਲ ਕੀਰਤਨ ਦੀਆਂ ਹਾਜ਼ਰੀਆਂ ਭਰਾਂ ਤਾਂ ਜੋ ਉਨ੍ਹਾਂ ਦੀ ਸ਼ਬਦ ਕੀਰਤਨ ਰਚਨਾਵਾਂ, ਉਨ੍ਹਾਂ ਦੀ ਰਾਗਦਾਰੀ ਦੀ ਸ਼ੁੱਧਤਾ, ਅਤੇ ਵਿਸ਼ੇਸ਼ ਕਰ ਕੇ ਉਨ੍ਹਾਂ ਦੁਆਰਾ ਪ੍ਰਯੋਗ ਕੀਤੇ ਜਾਣ ਵਾਲੇ ਅੱਧੀ, ਪੌਣੀ ਅਤੇ ਸਵਾਈ ਮਾਤਰਾ ਵਾਲੇ ਤਾਲਾਂ ਸਬੰਧੀ ਹੋਰ ਚਿੰਤਨ ਕਰ ਸਕਾਂ। ਮੇਰੇ ਪਿਤਾ ਡਾ. ਕੰਵਲਜੀਤ ਸਿੰਘ ਨੇ ਪ੍ਰੋਫੈਸਰ ਸਾਹਿਬ ਨੂੰ ਇਸ ਪ੍ਰਥਾਇ ਬੇਨਤੀ ਕੀਤੀ। ਪ੍ਰੋਫੈਸਰ ਕਰਤਾਰ ਸਿੰਘ ਜੀ ਦੀ ਰਹਿਮਤ ਦਾ ਮੀਂਹ ਵਰ੍ਹਿਆ। ਉਨ੍ਹਾਂ ਨੇ ਨਾ ਕੇਵਲ ਜਥੇ ਨਾਲ ਤੰਤੀ ਵਰਤਿਆ ਲੈ ਕੇ ਬੈਠਣ ਦੀ ਆਗਿਆ ਦੇ ਦਿੱਤੀ ਸਗੋਂ, ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਤੌਰ ਤੰਤੀ ਸਾਜ਼ ਉਸਤਾਦ, ਵਿਜ਼ਟਿੰਗ ਫੈਕਲਟੀ ਵਜੋਂ ਸੇਵਾ ਨਿਭਾਉਣ ਲਈ ਵੀ ਪ੍ਰਵਾਨਗੀ ਦਿੱਤੀ। ਇਸ ਦੌਰਾਨ ਮੈਨੂੰ ਪ੍ਰੋਫੈਸਰ ਸਾਹਿਬ ਨੂੰ ਹੋਰ ਨੇੜਿਉਂ ਦੇਖਣ ਦਾ ਮੌਕਾ ਮਿਲਿਆ।

ਹਿੰਦੁਸਤਾਨ ਦੇ ਵੱਖ-2 ਸਥਾਨਾਂ 'ਤੇ ਕੀਰਤਨ ਦੀ ਹਾਜ਼ਰੀ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ ਦਾ ਸੁਭਾਗ ਅਤੇ ਭਾਰਤ ਤੋਂ ਬਾਹਰ ਦੁਬਈ ਦੇ ਵਿਭਿੰਨ ਸਥਾਨਾਂ 'ਤੇ ਕੀਰਤਨ ਦੀ ਸੇਵਾ ਅਤੇ ਵਰਕਸ਼ਾਪ ਲਗਾਉਣ ਦੌਰਾਨ ਮੈਨੂੰ ਪ੍ਰੋਫੈਸਰ ਕਰਤਾਰ ਸਿੰਘ ਜੀ ਨਾਲ ਵਿਚਰਦਿਆਂ ਜੋ ਅਧਿਆਤਮਿਕ ਸ਼ਾਕਸ਼ਾਤਕਾਰ ਹੋਏ, ਉਹ ਵਰਣਨ ਤੋ ਬਾਹਰ ਦੀ ਗਲ ਹੈ।

ਪ੍ਰੋਫੈਸਰ ਸਾਹਿਬ ਦੀ ਜੀਵਨ, ਕਾਰਜ, ਅਧਿਆਪਨ ਅਤੇ ਕੀਰਤਨ ਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਮੈਂ ਗੁਰਮਤਿ ਸੰਗੀਤ ਵਿਚ ਪੋਸਟ-ਗਰੈਜੂਏਸ਼ਨ ਤੋਂ ਬਾਅਦ ਪ੍ਰੋਫੈਸਰ ਸਾਹਿਬ ਦੀ ਗੁਰਮਤਿ ਸੰਗੀਤ ਨੂੰ ਦੇਣ ਦੇ ਵਿਸ਼ੇ 'ਤੇ ਪੀ-ਐੱਚ.ਡੀ. ਦਾ ਖੋਜ ਕਾਰਜ ਕਰਨ ਦਾ ਮਨ ਬਣਾਇਆ। ਵਿਭਾਗ ਵਿਚ ਡਾ. ਗੁਰਨਾਮ ਸਿੰਘ ਜੀ ਕੋਲ ਸੀਟ ਨਹੀਂ ਸੀ। ਇਸ ਸਥਿਤੀ ਵਿਚ ਡੀ.ਪੀ.ਡੀ. ਦੇ ਮੁਖੀ ਡਾ. ਜਸਬੀਰ ਕੌਰ ਜੀ ਨੂੰ ਬੇਨਤੀ ਕੀਤੀ ਜੋ ਖ਼ੁਦ ਪ੍ਰੋਫੈਸਰ ਕਰਤਾਰ ਸਿੰਘ ਜੀ ਦੇ ਵੱਡੇ ਪ੍ਰਸੰਸਕ ਹਨ। ਮੈਨੂੰ ਇੰਝ ਲਗਦਾ ਹੈ ਕਿ ਪੀ-ਐੱਚ.ਡੀ. ਦਾ ਖ਼ਿਆਲ ਤਾਂ ਅਕਾਲ ਪੁਰਖ ਵੱਲੋਂ ਪ੍ਰੋਫੈਸਰ ਸਾਹਿਬ ਨੂੰ ਹੋਰ ਨੇੜਿਉਂ ਸਮਝਣ ਦਾ ਇਕ ਸੁਭਾਗ ਸੀ।

ਮੈਨੂੰ ਇਸ ਗਲ ਦੀ ਬਹੁਤ ਸੰਤੁਸ਼ਟੀ ਹੈ ਕਿ ਮੈਂ ਇਹ ਕਾਰਜ ਪ੍ਰੋਫੈਸਰ ਕਰਤਾਰ ਸਿੰਘ ਜੀ ਦੇ ਜੀਵਨ ਕਾਲ ਵਿਚ ਪੂਰਾ ਕਰ ਸਕਿਆਂ ਹਾਂ ਅਤੇ ਪੀ-ਐੱਚ.ਡੀ. ਦੀ ਡਿਗਰੀ ਪ੍ਰਾਪਤ ਹੋਣ 'ਤੇ ਉਨ੍ਹਾਂ ਦੇ ਚਰਨਾਂ ਵਿਚ ਡਿਗਰੀ ਰੱਖ 'ਕੇ ਸੀਸ ਨਿਵਾਉਣ ਦਾ ਮੌਕਾ ਹਾਸਲ ਕਰ ਸਕਿਆਂ ਹਾਂ।

ਅਜੇ ਬਹੁਤ ਕੁਝ ਹੈ ਕਹਿਣ ਲਈ ਪਰ ਫੇਰ ਕਦੇ ......

**ਯੂਨੀਵਰਸਿਟੀ ਕਾਲਜ, ਘਨੌਰ (ਪਟਿਆਲਾ)**
**+91 7347491719, arsh.rhythm@gmail.com**

# ਗੁਰਮਤਿ ਕੀਰਤਨ ਭਗਤੀ

**ਡਾ. ਜਾਗੀਰ ਸਿੰਘ**

ਗੁਰਬਾਣੀ ਵਿਚ ਦਿੱਤੇ ਸਿੱਧਾਂਤਾਂ ਨੂੰ ਗੁਰਮਤਿ ਕਿਹਾ ਜਾਂਦਾ ਹੈ। ਇਸ ਦੇ ਉਲਟ ਜਿਹੜੇ ਸਿੱਧਾਂਤ ਗੁਰਬਾਣੀ ਦੇ ਵਿਰੁਧ ਹਨ ਉਹਨਾਂ ਨੂੰ ਮਨਮਤਿ ਕਹਿ ਸਕਦੇ ਹਾਂ। ਗੁਰਮਤਿ ਦਾ ਸੋਮਾ ਗੁਰੂ ਗ੍ਰੰਥ ਸਾਹਿਬ ਹੈ। ਬਾਕੀ ਦਾ ਸਾਹਿਤ ਇਹਦੇ ਸਿੱਧਾਂਤਾਂ ਦੀ ਵਿਆਖਿਆ ਜਾਂ ਗੁਰਮਤਿ ਲਹਿਰ ਨਾਲ ਸੰਬੰਧਤ ਹੈ। ਇਸ ਲੇਖ ਵਿਚ ਗੁਰਮਤਿ ਵਿਚ ਕੀਰਤਨ ਭਗਤੀ ਦੀ ਮਹੱਤਤਾ ਬਾਰੇ ਵਿਚਾਰ ਕਰਨ ਦਾ ਜਤਨ ਕੀਤਾ ਹੈ।

ਭਗਤੀ ਦਾ ਅਰਥ ਹੈ – ਪ੍ਰੇਮ ਭਾਵ ਨਾਲ ਸੇਵਾ ਕਰਨਾ।[1] ਇਸ ਦਾ ਅੱਗੋਂ ਅਰਥ ਵਿਸਥਾਰ ਵਿਸ਼ਾਲ ਰੂਪ ਵਿਚ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਭਗਤੀ ਨੂੰ ਸਭ ਤੋਂ ਵੱਧ ਮਹਤਵ ਦਿੱਤਾ ਹੈ:

ਬਿਨ ਭਗਤੀ ਨਹੀਂ ਸਤਿਗੁਰ ਪਾਈਐ ॥ ਬਿਨ ਭਾਗਾ ਨਹੀਂ ਭਗਤਿ ਹਰੀ ॥(ਪੰ. ੧੧੭੨)

ਭਗਤੀ ਨੌਂ ਪਰਕਾਰ ਦੀ ਦੱਸੀ ਜਾਂਦੀ ਹੈ। ਜਿਸ ਨੂੰ ਨੌਧਾ ਭਗਤੀ ਜਾਂ ਨਵਧਾ ਭਗਤੀ ਵੀ ਕਿਹਾ ਜਾਂਦਾ ਹੈ। ਇਸ ਨੌਂ[2] ਪ੍ਰਕਾਰ ਦੀ ਹੀ ਭਗਤੀ ਦਾ ਉਲੇਖ ਗੁਰੂ ਗ੍ਰੰਥ ਸਾਹਿਬ ਵਿਚ ਮਿਲ ਜਾਂਦਾ ਹੈ।

1. **ਸਰਵਨ**: ਸ੍ਰਵਣੀ ਸੁਣਉ ਬਿਮਲ ਜਸੁ ਸੁਆਮੀ ॥(ਪੰ. ੧੦੮੦)
2. **ਕੀਰਤਨ**: ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾ ॥(ਪੰ. ੧੨੯੮)
3. **ਸਿਮਰਨ** : ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ॥(ਪੰ. ੨੬੨)
4. **ਪਦ-ਸੇਵਨ ਕਰਨਾ** : ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾਂ ॥(ਪੰ. ੬੧੨)
5. **ਅਰਚਨ (ਪੂਜਾ)**: ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ ॥(ਪੰ. ੯੧੦)
6. **ਬੰਦਨਾ** : ਅਨਿਕ ਬਾਰ ਕਰਿ ਬੰਦਨ ਸੰਤਨ ਊਹਾਂ ਚਰਨ ਗੋਬਿੰਦ ਜੀ ਕੇ ਬਸਨਾ ॥(ਪੰ. ੧੨੯੮)
7. **ਦਾਸ ਭਾਵ**: ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥(ਪੰ.੭੫੭)
8. **ਮੈਤਰੀ ਭਾਵ** : ਸਖਾ ਸਹਾਈ ਪੂਰਨ ਪਰਮੇਸਰ ਮਿਲੁ ਕਦੇ ਨ ਹੋਵੀ ਭੰਗਨਾ ॥(ਪੰ. ੧੨੮੦)
9. **ਆਤਮ ਨਿਵੇਦਨ** : ਤਨੁ ਮਨੁ ਧਨੁ ਸਭ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥(ਪੰ. ੯੧੮)

ਉਪਰ ਦਸੀਆਂ ਸਾਰੀਆਂ ਕਿਸਮਾਂ ਦੀ ਭਗਤੀ ਤੋਂ ਕੀਰਤਨੀ ਭਗਤੀ ਉਤਮ ਦਸੀ ਗਈ ਹੈ :

ਕਲਿਜੁਗ ਮਹਿ ਕੀਰਤਨ ਪਰਧਾਨਾ ॥ ਗੁਰਮੁਖ ਜਪੀਅਹਿ ਲਾਇ ਧਿਆਨਾ ॥(ਪੰ.੧੦੭੫)

ਕੀਰਤਨ ਭਗਤੀ ਦੀ ਮਹਿਮਾ ਦਾ ਕਾਰਨ ਇਹ ਹੈ ਕਿ ਇਸ ਵਿਚ ਸੰਗੀਤ ਤੱਤ ਬੜਾ ਮਹੱਤਵਪੂਰਨ ਹੈ। ਸੰਗੀਤ ਨਾਦ ਉਤੇ ਅਧਰਾਤ ਹੈ ਅਤੇ ਨਾਦ ਦੀ ਮਹਿਮਾ ਕਰਦਿਆਂ ਲਿਖਿਆ ਹੈ:

'ਨਾ ਤਾਂ ਨਾਦ ਬਿਨਾ ਗੀਤ ਹੈ, ਨਾ ਨਾਦ ਬਿਨਾ ਨਰਿਤ ਹੈ, ਇਹ ਸਾਰਾ ਜਗਤ ਹੀ ਨਾਦਾਤਮਕ ਹੈ।'[3]

ਭਾਰਤੀ ਸੰਗੀਤ ਕੋਸ਼ ਵਿਚ ਨਾਦ ਦੀ ਮਹਿਮਾ ਕਰਦਿਆਂ ਲਿਖਿਆ ਹੈ:

ਸ਼ਾਸਤਰਾਂ ਵਿਚ ਨਾਦ ਨੂੰ ਬ੍ਰਹਮ ਦੇ ਰੂਪ ਵਿਚ ਬਿਆਨ ਕੀਤਾ ਹੈ। ਨਾਦ ਅਦੁੱਤੀ ਅਤੇ ਅਨੰਦ ਸਰੂਪ ਹੈ। ਨਾਦ ਦੀ ਉਪਾਸ਼ਨਾ ਕਰਨ ਨਾਲ ਪਰਮ ਲਾਭ ਹੁੰਦਾ ਹੈ ਜਿਵੇਂ ਪ੍ਰਕਾਸ਼ ਦੀ ਖੋਜ ਕਰਦਿਆਂ ਮਣੀ ਦੀ ਪ੍ਰਾਪਤੀ ਹੋ ਜਾਂਦੀ ਹੈ ਇਵੇਂ ਹੀ ਨਾਦ ਦੀ ਉਪਾਸਨਾ ਕਰਦਿਆਂ ਬ੍ਰਹਮ ਦੀ ਪ੍ਰਾਪਤੀ ਹੋ ਜਾਂਦੀ ਹੈ।[4]

ਭਗਤੀ ਕਰਨ ਲਈ ਕੀਰਤਨ ਸਰਬੋਤਮ ਸਾਧਨ ਹੈ। ਇਸ ਦੀ ਪ੍ਰੋੜ੍ਹਤਾ ਸੰਗੀਤ ਬਾਰੇ ਦਿੱਤੀਆਂ ਗਈਆਂ ਕੁਝ ਹੋਰ ਟਿੱਪਣੀਆਂ ਤੋਂ ਵੀ ਹੁੰਦੀ ਹੈ। ਹਮਾਯੂੰ ਕਬੀਰ ਅਨੁਸਾਰ ਸੰਗੀਤ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਵਲ ਖਿੱਚ ਲੈਂਦਾ ਹੈ ਤੇ ਮਨੁੱਖੀ ਮਨ ਸੰਮੋਹਨ ਸ਼ਕਤੀ ਸਦਕਾ ਉਸ ਨਾਦ ਪ੍ਰਵਾਹ ਦੇ ਨਾਲ ਨਾਲ ਤੁਰਿਆ ਜਾਂਦਾ ਹੈ। ਇਸ ਤਰ੍ਹਾਂ ਮਨੁੱਖ

ਆਪਣੇ ਅੰਦਰੂਨੀ ਆਨੰਦ ਵਿਚ ਮਗਨ ਹੋਇਆ ਗੋਚਰ ਸੰਸਾਰ ਤੋਂ ਅਤੀਤ ਮੰਡਲਾਂ ਵਿਚ ਵਿਚਰਦਾ ਹੈ।[5]

ਸੰਗੀਤ ਅਸਲ ਵਿਚ ਮਨੁੱਖ ਦੇ ਹਿਰਦੇ ਦੀ ਭਾਸ਼ਾ ਹੈ ਅਤੇ ਮਨੁੱਖ ਦੇ ਮਨ ਨੂੰ ਪ੍ਰਸੰਨ ਕਰਨ ਲਈ ਸੰਗੀਤ ਨਾਲੋਂ ਵੱਧ ਕੇ ਹੋਰ ਕੋਈ ਸਾਧਨ ਨਹੀਂ ਹੈ।[6] ਸੰਗੀਤ ਦੇ ਅਨੰਦ ਨੂੰ ਮਾਣਨ ਲਈ ਸਰੋਤੇ ਨੂੰ ਕੇਵਲ ਜੀਵਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਸੁਰ ਪ੍ਰਵਾਹ ਦੇ ਹਵਾਲੇ ਹੋ ਜਾਣ ਦੀ ਲੋੜ ਹੈ।[7] ਜਿਹੜੇ ਮਨੁੱਖ ਸੰਗੀਤ ਨਾਲ ਵੀ ਦ੍ਰਵਿਤ ਨਹੀਂ ਹੁੰਦੇ, ਸੇਕਸਪੀਅਰ ਉਹਨਾਂ ਨੂੰ ਖ਼ਤਰਨਾਕ ਦਸਦਾ ਹੈ ਅਤੇ ਕਹਿੰਦਾ ਹੈ ਅਜਿਹੇ ਮਨੁੱਖਾਂ ਉਤੇ ਵਿਸ਼ਵਾਸ ਨਹੀਂ ਕੀਤਾ ਜਾਣਾ ਚਾਹੀਦਾ।[8]

ਯਗਿਆਵਾਲਕ ਨੇ ਤਾਂ ਸੰਗੀਤ ਨੂੰ ਮੁਕਤੀ ਦਾਤਾ ਮੰਨਿਆ ਹੈ। ਉਸ ਅਨੁਸਾਰ, ਜਿਹੜਾ ਵੀਣਾ ਵਾਦਨ ਦੇ ਤੱਤ ਨੂੰ ਜਾਣਦਾ ਹੈ, ਜਿਹੜਾ ਸ਼ਰੁਤੀ ਅਤੇ ਜਾਤੀਆਂ ਦਾ ਗਿਆਨ ਰਖਦਾ ਹੈ, ਜਿਹੜਾ ਤਾਲ ਦਾ ਗਿਆਤਾ ਹੈ, ਉਹ ਬਿਨਾਂ ਜਤਨ ਦੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਜਿਸ ਤਰ੍ਹਾਂ ਮੂੰਹ ਵਿਚ ਸੱਤੂ ਹੋਣ ਤਾਂ ਹੱਸਣਾ ਅਸੰਭਵ ਹੈ ਇਸੇ ਤਰ੍ਹਾਂ ਗਾਉਣ ਵੇਲੇ ਮਨ ਦਾ ਭਟਕਣਾ ਅਸੰਭਵ ਹੈ।[9] ਇਸ ਲਈ ਗੁਰਮਤਿ ਭਗਤੀ ਵਿਚ ਵੀ ਕੀਰਤਨ ਕਰਨ ਉਤੇ ਬਲ ਦਿਤਾ ਗਿਆ ਹੈ:

ਆਵਹੁ ਸਿਖ ਸਤਿਗੁਰ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ (ਪੰ. ੯੨੦)

ਗੁਰਬਾਣੀ ਗਾਵਹੁ ਭਾਈ ਓਹ ਸਫਲ ਸਦਾ ਸੁਖਦਾਈ ॥ (ਪੰ. ੬੨੯)

ਇਸ ਤਰ੍ਹਾਂ ਗੁਰਮਤਿ ਵਿਚ ਕੀਰਤਨ ਦੇ ਵਿਸ਼ੇਸ਼ ਅਰਥ ਹੋ ਗਏ ਹਨ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਗੁਰਬਾਣੀ ਦੇ ਸੁਰ ਅਤੇ ਲੈਅ ਸਹਿਤ ਗਾਇਨ ਕਰਨ ਨੂੰ ਕੀਰਤਨ ਕਿਹਾ ਜਾਂਦਾ ਹੈ।[10] ਬਾਣੀ ਦੇ ਗਾਇਨ ਨੂੰ ਇਤਨੀ ਮਹੱਤਤਾ ਦੇਣ ਦਾ ਕਾਰਨ ਇਹ ਵੀ ਹੈ ਕਿ ਸੰਗੀਤ ਇਸ ਬਾਣੀ ਦਾ ਰਚਨਾ ਮੂਲਕ ਤੱਤ ਹੈ। ਇਹ ਕੇਵਲ ਸਰੋਤੇ ਨੂੰ ਰੁਦਿਤ ਕਰਨ ਲਈ ਇਕ ਮਾਧਿਅਮ ਹੀ ਨਹੀਂ ਹੈ। ਇਹ ਬਾਣੀ ਕੋਈ ਸਧਾਰਨ ਗੀਤ ਨਹੀਂ ਹੈ। ਭਗਤ ਕਬੀਰ ਜੀ ਦਾ ਬਚਨ ਹੈ:

ਲੋਗ ਜਾਨੇ ਇਹ ਗੀਤ ਹੈ, ਇਹ ਤਉ ਬ੍ਰਹਮ ਬਿਚਾਰ ॥ (ਪੰ. ੩੩੫)

ਗੁਰੂ ਸਾਹਿਬਾਨ ਵੀ ਇਸ ਬਾਣੀ ਨੂੰ ਆਪਣੇ ਤਕ ਹੀ ਸੀਮਤ ਨਹੀਂ ਰਖਦੇ ਸਗੋਂ ਇਸ ਨੂੰ ਪਰਮਾਤਮਾ ਨਾਲ ਜੋੜਦੇ ਹਨ :

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ (ਪੰ. ੭੨੨)

ਧੁਰ ਕੀ ਬਾਣੀ ਆਈ ਤਿਨ ਸਗਲੀ ਚਿੰਤ ਮਿਟਾਈ ॥ (ਪੰ. ੬੨੮)

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥ (ਪੰ. ੭੬੩)

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਕਵੀ ਆਪਣੇ ਅਧਿਆਤਮਕ ਅਨੁਭਵ ਦਾ ਪ੍ਰਗਟਾਵਾ ਕਰ ਰਹੇ ਹਨ। ਪਰ ਇਹ ਅਨੁਭਵ ਵੀ ਅਜਿਹਾ ਹੈ ਜਿਸ ਨੂੰ ਸਧਾਰਨ ਰੂਪ ਵਿਚ ਪ੍ਰਗਟ ਨਹੀਂ ਕੀਤਾ ਜਾ ਸਕਦਾ। ਭਗਤ ਲੋਕ ਇਸ ਨੂੰ 'ਗੂੰਗੇ ਦੀ ਮਠਿਆਈ' ਨਾਲ ਤੁਲਨਾ ਦਿੰਦੇ ਹਨ। ਡਾ. ਪੀਤਾਂਬਰ ਦੱਤ ਬੜਥਵਾਲ ਲਿਖਦੇ ਹਨ : 'ਅਧਿਆਤਮਕ ਅਨੁਭਵ ਨੂੰ ਪ੍ਰਗਟ ਕਰਨ ਲਈ ਭਾਸ਼ਾ ਦਾ ਸਾਧਨ ਭਾਵੇਂ ਨਾਕਾਫ਼ੀ ਹੈ ਅਤੇ ਉਸ ਰੱਬੀ ਅਨੁਭਵ ਦੇ ਪ੍ਰਗਟ ਰੂਪ ਦੇ ਅਰਥ ਨੂੰ ਸਮਝਣਾ ਦੂਜਿਆਂ ਲਈ ਅਤਿਅੰਤ ਔਖਾ ਹੈ, ਫਿਰ ਵੀ ਉਸ 'ਸੱਚ' ਦੇ ਅਨੁਭਵ ਤੋਂ ਉਪਜੇ ਆਨੰਦ ਨੂੰ ਆਪਣੀ ਹਿੱਕ ਵਿਚ ਛਿਪਾ ਕੇ ਨਾ ਰੱਖ ਸਕਣ ਦੇ ਕਾਰਨ 'ਸੱਚ ਦੇ ਸਾਧਕ' ਉਸ ਨੂੰ ਪ੍ਰਗਟ ਕਰਨ ਦੇ ਆਹਰ ਵਿਚ ਜੁੱਟ ਜਾਂਦਾ ਹੈ।'[11] ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਵੀ ਇਸ ਉਕਤੀ ਦਾ ਸਮਰਥਨ ਕਰਦਿਆਂ ਲਿਖਿਆ ਹੈ : 'ਅਧਿਆਤਮਕ ਮੰਡਲਾਂ ਵਿਚ ਲਗਾਤਾਰ ਸਾਧਨਾ ਕਰਨ ਤੋਂ ਉਪਰੰਤ ਪ੍ਰਾਪਤ ਕੀਤੇ ਅਧਿਆਤਮਕ ਤਜਰਬਿਆਂ ਨੂੰ ਆਪਣੇ ਸੀਨੇ ਦੀ ਚਾਰ ਦੀਵਾਰੀ ਵਿਚ ਰੋਕ ਰਖਣਾ ਇਕ ਸਾਧਕ ਲਈ ਬੜਾ ਔਖਾ ਹੈ। ਇਹਨਾਂ ਸੱਚੇ ਅਨੁਭਵਾਂ ਨੂੰ ਪ੍ਰਗਟ ਕਰਨ ਲਈ ਅਨੁਭਵ ਸਾਧਕ ਬਿਹਬਲ ਹੋ ਉਠਦਾ ਹੈ।'[12] ਪਰ ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਿਆ ਹੈ ਕਿ ਅਨੁਭਵ ਸਾਧਾਰਨ ਰੂਪ ਵਿਚ

ਪ੍ਰਗਟ ਨਹੀਂ ਕੀਤਾ ਜਾ ਸਕਦਾ, ਸਾਧਾਰਨ ਭਾਸ਼ਾ ਦੇ ਅੱਖਰ ਪਰਮਾਤਮਾ ਨਾਲ ਸੰਬੰਧਤ ਅਨੁਭਵ ਦਾ ਪ੍ਰਗਟਾਵਾ ਨਹੀਂ ਕਰ ਸਕਦੇ :

ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ (ਪੰ. ੫)

ਇਹ ਅਨੁਭਵ ਸ਼ਬਦ ਦੀ ਸਹਾਇਤਾ ਨਾਲ ਪ੍ਰਗਟ ਕੀਤਾ ਜਾ ਸਕਦਾ ਹੈ:

ਢਾਢੀ ਕਥੇ ਅਕਥੁ ਸਬਦਿ ਸਵਾਰਿਆ ॥ (ਪੰ. ੧੪੯)

ਗੁਰੂ ਸਾਹਿਬ ਵੀ ਆਪਣੇ ਆਪ ਨੂੰ ਢਾਢੀ ਕਹਿੰਦੇ ਹਨ:

ਹਉ ਢਾਢੀ ਵੇਕਾਰੁ ਕਾਰੈ ਲਾਇਆ ॥ (ਪੰ. ੧੫੦)

ਸੋ ਸਪਸ਼ਟ ਹੈ ਕਿ ਸੰਗੀਤ ਦੀ ਸਹਾਇਤਾ ਨਾਲ ਹੀ ਅਧਿਆਤਮਕ ਅਨੁਭਵ ਪ੍ਰਗਟ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਸੰਗੀਤ ਬਾਣੀ ਦੀ ਸਿਰਜਣਾ ਵੇਲੇ ਤੋਂ ਹੀ ਇਸ ਦੇ ਅੰਗ-ਸੰਗ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵੱਡਾ ਹਿੱਸਾ ਰਾਗ ਬੱਧ ਹੈ। ਲਗਭਗ ਹਰ ਸ਼ਬਦ ਉਪਰ ਰਾਗ ਦਾ ਸੰਕੇਤ ਦਿਤਾ ਹੋਇਆ ਹੈ। ਵੱਖ-ਵੱਖ ਰਾਗ ਵੱਖ ਕਾਵਿ ਅਨੁਭਵ ਨੂੰ ਪ੍ਰਗਟ ਕਰਨ ਲਈ ਹਨ। ਭਾਵੇਂ ਸਾਰੀ ਬਾਣੀ ਪਰਮਾਤਮਾ ਨਾਲ ਸੰਬੰਧਤ ਹੈ ਪਰ ਸਾਧਕ ਆਪਣੇ ਮਨ ਦੀ ਅਵਸਥਾ ਕਾਰਨ ਪਰਮਾਤਮਾ ਨੂੰ ਕਈ ਰੂਪਾਂ ਵਿਚ ਚਿਤਵਦਾ ਹੈ।[13]

ਬਾਣੀ ਦਾ ਕੀਰਤਨ ਜਿਥੇ ਬਾਣੀ ਦੀ ਰਚਨਾ ਵੇਲੇ ਹੋਇਆ ਉਥੇ ਬਾਣੀ ਦੇ ਗਾਇਨ ਕਾਰਨ ਭਾਵ ਸਰੋਤੇ ਨੂੰ ਸੁਨਾਉਣ ਲਈ ਵੀ ਹੋ ਰਿਹਾ ਹੈ। ਗੁਰਮਤਿ ਵਿਚ ਕੀਰਤਨ ਕਰਨਾ ਵੀ ਭਗਤੀ ਦਾ ਅੰਗ ਹੈ ਅਤੇ ਕੀਰਤਨ ਸੁਣਨਾ ਵੀ ਭਗਤੀ ਦਾ ਅੰਗ ਹੈ। ਇਹ ਭਗਤੀ ਅਤੀ ਉਤਮ ਭਗਤੀ ਹੈ। ਇਸ ਬਾਰੇ ਭਾਈ ਮਨੀ ਜੀ ਦਾ ਕਥਨ ਵਾਚਣ ਯੋਗ ਹੈ। ਆਪ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਨੂੰ ਵਾਰਤਾਲਾਪ ਰੂਪ ਵਿਚ ਕਲਮਬੰਦ ਕਰਦਿਆਂ ਲਿਖਦੇ ਹਨ:

"ਤੁਸਾਂ ਜੋ ਬਚਨ ਕੀਤਾ ਜੁ ਕਰਮ ਸੁਗਮ ਹੈ ਕਥਾ ਕੀਰਤਨ, ਤੇ ਫ਼ਲ ਵੱਡਾ ਹੈ, ਇਹ ਅਸਾਡੇ ਸਮਝ ਵਿਚ ਕੈਸੇ ਆਵੇ? ਤਾਂ ਬਚਨ ਹੋਇਆ ਜੋ ਲਕੜਹਾਰੇ ਲਕੜੀਆਂ ਲਿਆਵਦੇ ਹੈਨਿ ਤੇ ਪਾਂਡੀ ਪੰਡਾਂ ਲਿਆਂਵਦੇ ਹੈ, ਸੋ ਮਜੂਰੀ ਵਡੀ ਕਰਦੇ ਹੈਨਿ ਤੇ ਨਫ਼ਾ ਥੋੜਾ ਹੁੰਦਾ ਹੈ ਤੇ ਜੋ ਲੂਣ ਅੰਨ ਦੀ ਹੱਟੀ ਕਰਦੇ ਹੈਨਿ, ਮਜੂਰੀ ਓਨ੍ਹਾਂ ਦੀ ਥੋੜੀ ਹੁੰਦੀ ਹੈ ਤੇ ਨਫ਼ਾ ਵਧੀਕ ਹੁੰਦਾ ਹੈ ਤੇ ਸਰਾਫ਼ ਤੇ ਬਜਾਜ ਉਨ੍ਹਾਂ ਥੀ ਭੀ ਮਜੂਰੀ ਘਟ ਕਰਦੇ ਹੈਨਿ, ਭੂਖਣਾ ਤੇ ਰੁਪਯਾ ਦਾ ਸੌਦਾ ਕਰਦੇ ਹੈਨ ਤੇ ਨਫਾ ਬਹੁਤ ਹੁੰਦਾ ਹੈ ਤੇ ਜਵਾਹਰੀ ਹੀਰੇ ਮੋਤੀ ਦਾ ਸੌਦਾ ਕਰਦੇ ਹੈਨਿ ਤੇ ਸੁਖ ਨਾਲ ਬੈਠੇ ਰਹਿੰਦੇ ਹੈਨਿ, ਪਰ ਨਫ਼ਾ ਬਹੁਤ ਉਹਨਾਂ ਨੂੰ ਹੁੰਦਾ ਹੈ। ਤੇ ਜੋ ਉਨ੍ਹਾਂ ਦੀ ਸੇਵਾ ਕਰਦਾ ਹੈ ਸੋ ਭੀ ਮੋਤੀ ਹੀਰੇ ਦੀ ਪਰਖ ਸਿਖਦਾ ਹੈ। ਤੈਸੇ ਹੋਰ ਜੋ ਤਪ ਹੈਨ, ਸੋ ਸਰੀਰ ਉਪਰ ਕਸ਼ਟ ਹੁੰਦਾ ਹੈ ਤੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਕਥਾ ਕੀਰਤਨ ਦੇ ਪੜ੍ਹਨ ਸੁਨਣ ਕਰ ਪ੍ਰਿਥਮੇ ਤਾਂ ਉਪਾਸਨਾ ਦ੍ਰਿੜ ਹੁੰਦੀ ਹੈ ਪਿਛੋਂ ਇਸ ਦੇ ਵਿਚੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਤੇ ਇਹ ਸਾਂਤਕੀ ਤਪ ਹੈ ਨਫਾ ਬਹੁਤ ਹੈ...।'[14]

ਗੁਰੂ ਅਰਜਨ ਦੇਵ ਜੀ ਵੀ ਆਪਣੇ ਦੋ ਸਿੱਖਾਂ ਨੂੰ ਰੌਚਕ ਢੰਗ ਨਾਲ ਕੀਰਤਨ ਦੀ ਮਹਿਮਾ ਦਸਦੇ ਹਨ:

'ਬਾਣੀ ਦਾ ਪਾਠ ਏਹੁ ਹੈ ਜੋ ਆਪਣੇ ਖੂਹ ਦੀ ਪੈਲੀ ਪਾਣੀ ਦੇ ਕੇ ਝਬਦੇ ਪਕਾਈਦੀ ਹੈ ਅਤੇ ਅਨਾਜ ਦਾ ਬੋਹਲ ਘਰ ਲੈ ਆਵੀਦਾ ਹੈ; ਤੈਸੇ ਬਾਣੀ ਦੇ ਪਾਠ ਦਾ ਫਲ ਹੋਤਾ ਹੈ। ਪਰ ਖੂਹ ਦਾ ਪਾਣੀ ਦੂਜੇ ਦੀ ਪੈਲੀ ਨਜ਼ਦੀਕ ਹੋਵੇ ਤਾਂ ਉਸ ਨੂੰ ਭੀ ਪਹੁੰਚਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ ਤੇ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹਨ।[15]

ਕੀਰਤਨ ਭਗਤੀ ਵਿਚ ਛੇ ਅੰਗਾਂ ਤੇ ਵਿਚਾਰ ਕਰਨੀ ਜ਼ਰੂਰੀ ਹੈ।

1. ਬਾਣੀ 2. ਰਾਗ 3. ਕੀਰਤਨ 4. ਕੀਰਤਨੀਆ 5. ਸਰੋਤਾ 6. ਸੰਗਤ

**ਬਾਣੀ**:- ਬਾਣੀ ਦੀ ਰਚਨਾ ਬਾਰੇ ਪਹਿਲਾਂ ਵਿਚਾਰ ਕਰ ਚੁਕੇ ਹਾਂ ਕਿ ਇਹ ਅਧਿਆਤਮਕ ਅਨੁਭਵ ਵਾਲੀ ਬਾਣੀ ਹੈ ਇਸ ਦੀ ਰਚਨਾ ਸਮੇਂ ਸੰਗੀਤ ਸ਼ਾਮਲ ਹੈ। ਜੇ ਇਸ ਨੂੰ ਮੁੜ ਪੜ੍ਹਨਾ ਹੈ ਤਾਂ ਸਾਧਾਰਨ ਰੂਪ ਵਿਚ ਪੜ੍ਹਿਆਂ ਇਸ ਦੇ ਭਾਵ ਨੂੰ ਅਨੁਭਵ ਨਹੀਂ ਕੀਤਾ ਜਾ ਸਕਦਾ ਸਗੋਂ ਇਸ ਦੇ ਗਾਉਣ ਜਾਂ ਕੀਰਤਨ ਕਰਨ ਨਾਲ ਹੀ ਇਸ ਦਾ ਪੂਰਾ ਪ੍ਰਭਾਵ ਪੈ ਸਕਦਾ ਹੈ।

**ਰਾਗ**:- ਬਾਣੀ ਵੱਖ-ਵੱਖ ਰਾਗਾਂ ਵਿਚ ਦਰਜ ਹੈ। ਗੁਰਬਾਣੀ ਦੇ ਰਚਨਾ ਕਾਲ ਸਮੇਂ ਭਾਰਤੀ ਸੰਗੀਤ ਕਲਾ ਆਪਣੇ ਸਿਖਰ ਤੇ ਸੀ। ਪਰ ਇਸ ਕਲਾ ਨੂੰ ਭਗਤੀ ਲਈ ਘਟ ਅਤੇ ਰਾਜਿਆਂ-ਮਹਾਰਾਜਿਆਂ ਦੀਆਂ ਵਿਲਾਸੀ ਰੁਚੀਆਂ ਲਈ ਵਧੇਰੇ ਪ੍ਰਯੋਗ ਕੀਤਾ ਜਾ ਰਿਹਾ ਸੀ। ਗੁਰੂ ਸਾਹਿਬਾਨ ਤੇ ਭਗਤ ਕਵੀਆਂ ਨੇ ਸੰਗੀਤ ਕਲਾ ਦਾ ਪ੍ਰਯੋਗ ਪਰਮਾਤਮਾ ਦੀ ਭਗਤੀ ਲਈ ਕੀਤਾ। ਇਸ ਸਬੰਧ ਵਿਚ ਉਹਨਾਂ ਨੇ ਰਾਗ ਨੂੰ ਨਿਸ਼ਚਿਤ ਮਨੋਰਥ ਲਈ ਵਰਤਿਆ:

ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥(ਪੰ. ੯੫੮)

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥ (ਪੰ. ੧੪੨੩)

ਇਸ ਤੋਂ ਬਿਨਾਂ ਗੁਰਬਾਣੀ ਵਿਚ ਕੁਝ ਰਾਗਾਂ ਬਾਰੇ ਵਿਸ਼ੇਸ਼ ਟਿਪਣੀਆਂ ਦੇ ਕੇ ਰਾਗ ਦੇ ਅਸਲੀ ਮਨੋਰਥ ਨੂੰ ਦ੍ਰਿੜ ਕਰਵਾਇਆ ਗਿਆ ਹੈ।

**ਸਿਰੀ ਰਾਗ**

ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ॥
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥ (ਪੰ.੮੩)

**ਰਾਗ ਗਉੜੀ**

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥
ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ॥ (ਪੰ. ੩੧੧)

**ਰਾਗ ਗੂਜਰੀ**

ਗੂਜਰੀ ਜਾਤਿ ਗਵਾਹਿ ਜਾ ਸਹੁ ਪਾਏ ਆਪਣਾ ॥
ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ॥ (ਪੰ. ੫੧੬)

**ਰਾਗ ਸੋਰਠਿ**

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ॥
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ ॥ (ਪੰ. ੧੪੨੫)

**ਰਾਗ ਬਿਲਾਵਲ**

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥
ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥ (ਪੰ. ੮੪੯)

**ਰਾਗ ਧਨਾਸਰੀ**

ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ॥
ਤਨੁ ਮਨੁ ਸਉਪੈ ਜੀਅ ਸਉ ਭਾਈ ਲਏ ਹੁਕਮਿ ਫਿਰਾਉ॥(ਪੰ.੧੪੧੯)

**ਰਾਗ ਵਡਹੰਸ**

ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿਧਾਰਿ॥
ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ॥(ਪੰ. ੫੨੫)

**ਰਾਗ ਰਾਮਕਲੀ**

ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ॥
ਗੁਰ ਕੈ ਸਬਦਿ ਕਮਲੁ ਬਿਗਾਸਿਆ ਤਾ ਸਉਪਿਆ ਭਗਤਿ ਭੰਡਾਰੁ॥(ਪੰ. ੯੫੦)

**ਰਾਗ ਮਾਰੂ**

ਗੁਰ ਕੈ ਸਬਦਿ ਅਰਾਧੀਐ ਰਾਮਿ ਰੰਗ ਬੈਰਾਗੁ॥
ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ॥(ਪੰ.੧੪੨੫)

**ਰਾਗ ਕੇਦਾਰਾ**

ਕੇਦਾਰਾ ਰਾਗਾਂ ਵਿਚਿ ਜਾਣੀਐ ਭਾਈ ਜੇ ਸਬਦੇ ਕਰੇ ਪਿਆਰੁ॥
ਸਤ ਸੰਗਤਿ ਸਿਉ ਮਿਲ ਦੋ ਰਹੈ ਸਚੇ ਧਰੇ ਪਿਆਰੁ॥(ਪੰ. ੧੦੮੭)

**ਕੀਰਤਨ**

ਗੁਰਬਾਣੀ ਦੇ ਰਾਗਾਂ ਵਿਚ ਗਾਇਨ ਕਰਨ ਨੂੰ ਕੀਰਤਨ ਕਿਹਾ ਜਾਂਦਾ ਹੈ ਅਤੇ ਇਹ ਵੀ ਅਸੀਂ ਪਹਿਲਾਂ ਦਸ ਚੁਕੇ ਹਾਂ ਕਿ ਕੀਰਤਨ ਨੂੰ ਸਾਰੇ ਤਪਾਂ ਤੋਂ ਉੱਚਾ ਦਸਿਆ ਹੈ। ਹੋਰ ਸਪਸ਼ਟ ਕਰਨ ਲਈ ਗੁਰੂ ਅਰਜਨ ਦੇਵ ਜੀ ਦੀਆਂ ਕੁਝ ਤੁਕਾਂ ਹਾਜ਼ਰ ਹਨ:

ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ॥
ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਅਵਤਾਰ॥
ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ॥
ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ॥
ਜੈਸੇ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥
ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ॥(ਪੰ. ੨੧੪)

ਇਕ ਹੋਰ ਸ਼ਬਦ ਵਿਚ ਗੁਰੂ ਸਾਹਿਬ, ਪਾਠ-ਪੜ੍ਹਨ, ਬੇਦ ਬੀਚਾਰਨ, ਜੋਗ ਆਸਣ ਕਰਨ, ਮੋਨੀ, ਨੰਗੇ, ਬਨਵਾਸੀ ਹੋਣ, ਤੀਰਥਾਂ ਤੇ ਜਾਣ, ਦਾਨ, ਪੂਜਾ ਅਰਚਾ, ਬੰਦਨਾ ਆਦਿ ਸਾਰੇ ਕਰਮਾਂ ਤੋਂ ਕੀਰਤਨ ਨੂੰ ਉਚੇਰਾ ਦਸਦਿਆਂ ਲਿਖਦੇ ਹਨ :

ਹਰਿ ਕੀਰਤ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸ ਪੁਰਬ ਲਿਖੇ ਦਾ ਲਹਨਾ॥

ਤੇਰੋ ਸੇਵਕ ਇਹ ਰੰਗ ਮਾਤਾ॥
ਭਇਓ ਕ੍ਰਿਪਾਲ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨ ਇਹੁ ਮਨ ਰਾਤਾ॥(ਪੰ. ੬੪੨)

**ਕੀਰਤਨੀਆ**

ਗੁਰਮਤ ਕੀਰਤਨ ਭਗਤੀ ਵਿਚ ਕੀਰਤਨ ਕਰਨ ਵਾਲੇ ਕੀਰਤਨੀਏ ਦਾ ਵਿਸ਼ੇਸ਼ ਸਥਾਨ ਹੈ। ਗਾਉਣ ਵਾਲਾ ਹਰ ਵਿਅਕਤੀ ਕੀਰਤਨੀਆ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ ਹਰ ਬੰਦੇ ਦੇ ਗਾਏ ਸ਼ਬਦਾਂ, ਭਜਨਾਂ ਆਦਿ ਤੇ ਪਰਮਾਤਮਾ ਪ੍ਰਸੰਨ ਹੋ ਜਾਂਦਾ ਹੈ। ਗੁਰਬਾਣੀ ਵਿਚ ਲਿਖਿਆ ਹੈ :

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ ਨਹੀ ਹਰਿ ਹਰਿ ਭੀਜੇ ਰਾਮ ਰਾਜੇ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ॥
ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹੁ ਦੀਜੈ॥
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ॥(ਪੰ. ੪੫੦)

ਗੁਰਬਾਣੀ ਕੀਰਤਨ ਭਗਤੀ ਵਿਚ ਪ੍ਰੇਮ ਤੋਂ ਬਿਨਾਂ ਜਿਹੜਾ ਕੋਈ ਕਥਾ-ਕੀਰਤ ਕਰਦਾ ਹੈ ਉਸ ਨੂੰ ਕੜਛੀਆਂ ਨਾਲ ਤੁਲਨਾ ਕੀਤੀ ਜਾਂਦੀ ਹੈ ਜਿਹੜੀਆਂ ਸਭ ਰਸਾਂ ਵਿਚ ਫਿਰਦੀਆਂ ਵੀ ਰਸ ਨਹੀਂ ਲੈ ਸਕਦੀਆਂ:

ਕੜਛੀਆ ਫਿਰੰਨਿ ਸੁਆਉ ਨ ਜਾਣਨਿ ਸੁਞੀਆਂ॥
ਸੇਈ ਮੁਖ ਦਿਸੰਨਿ੍ ਨਾਨਕ ਰਤੇ ਪ੍ਰੇਮ ਰਸਿ॥(ਪੰ. ੫੨੧)

ਗੁਰਬਾਣੀ ਉਸ ਕੀਰਤਨੀਏ ਨੂੰ ਭਲਾ ਕਹਿੰਦੀ ਹੈ ਜਿਹੜਾ ਲੋਭ ਲਾਲਚ ਤਿਆਗ ਕੇ ਕੀਰਤਨ ਕਰਦਾ ਹੈ:

ਜੇ ਕੋ ਅਪਨੇ ਠਾਕੁਰ ਭਾਵੈ॥
ਕੋਟਿ ਮਧਿ ਏਹੁ ਕੀਰਤਨ ਗਾਵੈ॥
ਸਾਧ ਸੰਗਤ ਕੀ ਜਾਵਉ ਟੇਕ॥
ਕਹੁ ਨਾਨਕ ਤਿਸੁ ਕੀਰਤਨੁ ਏਕ॥(ਪੰ. ੮੮੫)

**ਸਰੋਤਾ**

ਕੀਰਤਨ ਭਗਤੀ ਵਿਚ ਸਰੋਤੇ ਦਾ ਵੀ ਵਿਸ਼ੇਸ਼ ਸਥਾਨ ਹੈ। ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਕਾਗ ਭਸੁੰਡ ਦੀ ਸਾਖੀ ਵਿਚ ਲਿਖਿਆ ਹੈ:

ਇਕ ਰਾਗ ਰਾਗਨੀਆ ਸਮਝਦੇ ਹੈਨ। ਇਕ ਸੁਰ ਨੂੰ ਸਮਝਦੇ ਹੈਨ। ਇਕ ਸਾਜ ਨੂੰ ਸਮਝਦੇ ਹੈਨ। ਇਕ ਸ਼ਬਦ ਦੇ ਤਾਤਪਰਜ ਨੂੰ ਸਮਝਦੇ ਹੈਨ। ਤੁਮ ਵੱਡੇ ਸ੍ਰੋਤੇ ਹੋ ਜੋ ਸਬਦ ਦੇ ਤਾਤਪਰਜ ਨੂੰ ਸਮਝਦੇ ਹੋ। ਕਾਗ ਭਸੁੰਡ ਕਹਿਆ ਉਤਮ ਹੈ ਜੋ ਮਹਾਰਾਜ ਦੇ ਤਾਤਪਰਜ ਨੂੰ ਸਮਝਦੇ ਹੈਂ ਸੋ ਰਸ ਪਾਵਤੇ ਹੈ ਜੋ ਰਾਗਾਂ ਨੂੰ ਤਾਰਾਂ ਨੂੰ ਸਮਝਦੇ ਹੈਂ ਸੋ ਛਿਲ ਖਾਤੇ ਹੈਂ।

ਗੁਰੂ ਅਰਜਨ ਦੇਵ ਜੀ ਦੇ ਕਥਨ ਹਨ:

ਗੁਰਦੁਆਰੈ ਹਰਿ ਕੀਰਤਨ ਸੁਣੀਐ॥ ਸਤਿਗੁਰ ਭੇਟਿ ਹਰਿ ਗਸੁ ਮੁਖ ਭਣੀਐ॥
ਕਲਿ ਕਲੇਸ ਮਿਟਾਏ ਸਤਿਗੁਰ ਹਰਿ ਦਰਗਹ ਦੇਵੈ ਮਾਨਾ ਹੇ॥(ਪੰ. ੧੦੭੫)

**ਸੰਗਤ**

ਕੀਰਤਨ ਭਗਤੀ ਇਕ ਤਰ੍ਹਾਂ ਸਰਬੰਗੀ ਭਗਤੀ ਹੈ। ਇਸ ਭਗਤੀ ਵਿਚ ਸ਼ਾਮਲ ਹੋਣ ਨਾਲ ਵਿਅਕਤੀ ਹਰ ਤਰ੍ਹਾਂ ਦੀ ਭਗਤੀ ਕਰ ਸਕਦਾ ਹੈ। ਕੀਰਤਨ ਕਰਨਾ, ਕੀਰਤਨ ਸੁਣਨਾ, ਕੀਰਤਨ ਲਈ ਜੁੜੀ ਸੰਗਤ ਦੀ ਸੇਵਾ ਕਰਨਾ, ਉਹਨਾਂ ਸਰੋਤਿਆਂ ਨਾਲ ਪ੍ਰੇਮ ਭਾਵ ਨਾਲ ਵਿਚਰਨਾ ਆਦਿ ਕਾਰਜ ਕੀਰਤਨ ਭਗਤੀ ਵਿਚ ਸ਼ਾਮਲ ਹੋ ਜਾਂਦੇ ਹਨ। ਜਿਥੇ ਕੀਰਤਨ ਹੁੰਦਾ ਹੈ ਉਹ ਸਥਾਨ ਪਵਿੱਤਰ ਹੋ ਜਾਂਦਾ ਹੈ:

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥
ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥ (ਪੰ.੭੪੫)

ਸੰਗਤ ਵਿਚ ਜਿਥੇ ਕੀਰਤਨ ਹੁੰਦਾ ਹੈ ਉਥੇ ਪਰਮਾਤਮਾ ਆਪ ਵਸਦਾ ਹੈ:

ਸਤ ਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ ॥(ਪੰ. ੧੩੩੫)

ਇਸੇ ਲਈ ਗੁਰੂ ਸਾਹਿਬ ਉਚਾਰਦੇ ਹਨ:

ਸੋ ਅਥਾਨ ਬਤਾਵਹੁ ਮੀਤਾ ॥ ਜਾ ਕੈ ਹਰਿ ਹਰਿ ਕੀਰਤਨੁ ਕੀਤਾ ॥ (ਪੰ. ੩੮੫)

ਸੋ ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰਮਤਿ ਕੀਰਤਨ ਭਗਤੀ, ਗੁਰਬਾਣੀ, ਸੰਗੀਤ, ਕੀਰਤਨ, ਕੀਰਤਨੀਆ, ਸਰੋਤਾ, ਸੰਗਤ ਆਦਿ ਦਾ ਸੁੰਦਰ ਸੁਮੇਲ ਹੈ। ਇਹ ਸਾਰੇ ਅੰਗ ਪ੍ਰੇਮ ਅਤੇ ਵਿਸ਼ਵਾਸ ਦੇ ਧਾਗੇ ਨਾਲ ਪਰੋਤੇ ਹੋਏ ਹਨ।

ਹਵਾਲੇ:

1. ਡਾ. ਮਨਮੋਹਨ ਸਿੰਘ, ਗੁਰੂ ਰਵਿਦਾਸ ਅੰਕ, ਪੰਜਾਬੀ ਦੁਨੀਆ, ਜੁਲਾਈ, ਅਗਸਤ, 1971, ਪੰ. 125
2. ਭਗਤਿ ਨਵੈ ਪਰਕਾਰਾ। ਸਿਰੀ ਰਾਗ ਮਹਲਾ ੫, ਆਦਿ ਗ੍ਰੰਥ, ਪੰ. 71
3. ਨ ਨਾਦੇਨ ਵਿਨਾ ਗੀਤੰਨੰ ਨਾਦੇਨ ਵਿਨਾ ਸਵਰ। ਨ ਨਾਦੇਨ ਵਿਨ ਨਰਿੰਤੇ ਤਸਮਾਨਾਚਤਮਨੰ ਜਗਤ। 'ਸੰਗੀਤ' (ਪੱਤ੍ਰਿਕਾ), ਅਪਰੈਲ 1967
4. ਵਿਮਲਾ ਕਾਂਤ ਰਾਇ ਚੌਧਰੀ, ਭਾਰਤੀਯ ਸੰਗੀਤ ਕੋਸ਼, ਪੰ. 66
5. Hamayun Kabir, The Indian Heritage, p. 129
6. ਉਮਾ ਮਿਸ਼ਰ, ਕਾਵਿ ਔਰ ਸੰਗੀਤ ਕਾ ਪਾਰਸਪਰਿਕ ਸੰਬੰਧ, ਪੰ. 31
7. ਹਰਦੁਆਰੀ ਲਾਲ ਸ਼ਰਮਾ, ਸੌਂਦਰਯ ਸ਼ਾਸਤਰ, ਪੰ. 183
8. Shakespeare, The Marchant of Venice, p. 79-80
9. ਹਵਾਲਾ, ਪੰਡਤ ਓਅੰਕਾਰ ਨਾਥ ਠਾਕੁਰ, ਪ੍ਰਣਵ ਭਾਰਤੀ, (ਪ੍ਰਥਮ ਵੀਣਾ), ਪੰ. 14
10. ਓਅੰਕਾਰ ਨਾਥ ਠਾਕੁਰ, ਉਹੀ, ਪੰ. 6
11. ਗੁਰਮਤਿ ਪ੍ਰਭਾਕਰ, ਪੰ. 616
12. ਹਿੰਦੀ ਕਾਵਯ ਮੇਂ ਨਿਰਗੁਣ ਸੰਪਰਦਾਯ, ਪੰ. 375
13. ਗੁਰੂ ਨਾਨਕ ਅਤੇ ਨਿਰਗੁਣ ਧਾਰਾ, ਪੰ. 271
14. ਭਾਈ ਮਨੀ ਸਿੰਘ, ਸਿੱਖਾ ਦੀ ਭਗਤਮਾਲਾ, ਪੰ. 45-47
15. ਉਹੀ, ਪੰ. 91-92

# 'ਰਾਗ ਨਿਰਣਾਇਕ ਕਮੇਟੀ' ਜਵੱਦੀ ਟਕਸਾਲ ਦੀ ਵਿਲੱਖਣ ਦੇਣ

**ਡਾ. ਗੁਰਨਾਮ ਸਿੰਘ**

ਗੁਰਮਤਿ ਸੰਗੀਤ ਦੇ ਸਰਬਪੱਖੀ ਪਰਚਾਰ ਲਈ ਸਥਾਪਤ ਜਵੱਦੀ ਟਕਸਾਲ ਵਲੋਂ 'ਰਾਗ ਨਿਰਣਾਇਕ ਕਮੇਟੀ' ਦੀ ਸਥਾਪਨਾ ਇਕ ਇਤਿਹਾਸਕ ਪ੍ਰਾਪਤੀ ਹੈ। ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੇ ਆਰੰਭ ਸਮੇਂ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਿਰਧਾਰਤ ਰਾਗਾਂ ਦੀ ਪਰਮਾਣਿਕਤਾ ਦੀ ਗੱਲ ਚਲੀ ਤਾਂ ਵਿਦਵਾਨ ਕੀਰਤਨੀਆਂ ਤੇ ਸ਼ਬਦ ਕੀਰਤਨ ਦੇ ਗਿਆਤਾ ਸੰਗੀਤਕਾਰਾਂ ਨਾਲ ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ। ਉਪਰੰਤ ਫੈਸਲਾ ਹੋਇਆ ਕਿਉਂ ਨਾ ਰਾਗ ਸਰੂਪਾਂ ਦੇ ਨਿਰਣੇ ਲਈ ਇਕ ਕਮੇਟੀ ਗਠਿਤ ਕੀਤੀ ਜਾਵੇ। ਇਸ ਕਮੇਟੀ ਦੇ ਮੁਖੀ ਸਵਰਗੀ ਪੰਡਤ ਦਲੀਪ ਚੰਦਰ ਵੇਦੀ ਅਤੇ ਮੁਖ ਸਲਾਹਾਕਾਰ ਪ੍ਰਿੰ. ਰਜਿੰਦਰ ਸਿੰਘ ਲਖਨਊ ਨੂੰ ਥਾਪਿਆ ਗਿਆ ਜੋ ਭਾਰਤੀ ਸ਼ਾਸਤਰੀ ਸੰਗੀਤ ਦੀ ਰਾਗ ਪੱਧਤੀ ਅਤੇ ਗੁਰੂ ਘਰ ਦੀ ਰਾਗ ਪੱਧਤੀ ਦੇ ਗਿਆਤਾ ਸਨ ਅਤੇ ਰਾਗਾਂ ਨੂੰ ਸੰਗੀਤ ਸ਼ਾਸਤਰ ਤੇ ਗੁਰਮਤਿ ਅਨੁਸਾਰ ਨਿਰਖਣ ਪਰਖਣ ਦੀ ਸਮਰੱਥਾ ਰਖਦੇ ਸਨ। ਇਸ ਲੜੀ ਵਿਚ ਗੁਰੂ ਘਰ ਦੇ ਉਨ੍ਹਾਂ ਵੱਖ ਟਕਸਾਲਾਂ ਤੇ ਘਰਾਣਿਆਂ ਨਾਲ ਸਬੰਧਿਤ ਪ੍ਰਮੁੱਖ ਕੀਰਤਨੀਆਂ ਨੂੰ ਵੀ ਜੋੜਿਆ ਗਿਆ ਜਿਨ੍ਹਾਂ ਕੋਲੋਂ ਰਾਗਾਂ ਸਬੰਧੀ ਜਾਣਕਾਰੀ ਮਿਲਣ ਦੀ ਆਸ ਸੀ। ਦਿਆਲ ਹਿਰਦੇ ਦੇ ਸੁਆਮੀ ਬਾਬਾ ਸੁੱਚਾ ਸਿੰਘ ਨੇ ਰਾਗ ਨਿਰਣਾਇਕ ਕਮੇਟੀ ਵਿਚ ਭਾਈ ਪ੍ਰਿਥੀਪਾਲ ਸਿੰਘ ਕੰਗ, ਇੰਦੌਰ; ਭਾਈ ਬਲਬੀਰ ਸਿੰਘ, ਅੰਮ੍ਰਿਤਸਰ; ਪ੍ਰੋ. ਕਰਤਾਰ ਸਿੰਘ, ਲੁਧਿਆਣਾ; ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ, ਪਟਿਆਲਾ; ਡਾ. ਅਜੀਤ ਸਿੰਘ ਪੈਂਟਲ, ਦਿੱਲੀ; ਪ੍ਰਿੰ. ਬਲਦੇਵ ਸਿੰਘ, ਦਿੱਲੀ; ਸ. ਸੁਰਿੰਦਰ ਸਿੰਘ; ਭਾਈ ਤੇਜਪਾਲ ਸਿੰਘ, ਦਿੱਲੀ; ਭਾਈ ਪਰਮਜੋਤ ਸਿੰਘ, ਮੁਲਾਂਪੁਰ; ਪ੍ਰੋ. ਚਰਨਜੀਤ ਸਿੰਘ, ਲੁਧਿਆਣਾ; ਪ੍ਰਿੰ. ਚੰਨਣ ਸਿੰਘ ਮਜਬੂਰ; ਪ੍ਰੋ. ਜਸਵੰਤ ਸਿੰਘ ਭੰਵਰਾ; ਭਾਈ ਚਰਨ ਸਿੰਘ ਮੋਦੀ, ਦਿੱਲੀ ਅਤੇ ਡਾ. ਗੁਰਨਾਮ ਸਿੰਘ (ਇਨ੍ਹਾਂ ਸਤਰਾਂ ਦੇ ਲੇਖਕ) ਨੂੰ ਸ਼ਾਮਲ ਕੀਤਾ।

ਰਾਗ ਨਿਰਣਾਇਕ ਕਮੇਟੀ ਦੇ ਪ੍ਰਮੁੱਖ ਮੈਂਬਰਾਂ ਦੀ ਰਾਇ ਅਨੁਸਾਰ ਪ੍ਰਚਲਿਤ ਰਾਗਾਂ ਨੂੰ ਸਰਬ ਸੰਮਤੀ ਨਾਲ ਪੂਰਨ ਸਵੀਕ੍ਰਿਤੀ ਦਿਤੀ ਗਈ। ਅਪ੍ਰਚਲਿਤ ਰਾਗਾਂ ਲਈ ਸੰਤ ਬਾਬਾ ਸੁੱਚਾ ਸਿੰਘ ਨਾਲ ਰਾਗ ਨਿਰਣਾਇਕ ਕਮੇਟੀ ਨੇ ਰਾਗ ਸਰੂਪ ਨਿਰਧਾਰਤ ਕਰਨ ਲਈ ਗੁਰਮਤਿ ਸਰੋਤਾਂ ਨੂੰ ਪਹਿਲ ਦਿਤੀ ਜਿਨ੍ਹਾਂ ਵਿਚ ਕੀਰਤਨੀਆਂ ਦੁਆਰਾ ਸਮੇਂ-ਸਮੇਂ

ਸੁਣਾਈਆਂ ਗਈਆਂ ਟਕਸਾਲੀ ਪੁਰਾਤਨ ਸ਼ਬਦ ਕੀਰਤਨ ਰਚਨਾਵਾਂ ਤੋਂ ਪੰਡਤ ਤਾਰਾ ਸਿੰਘ ਨਰੋਤਮ ਦੇ ਗੁਰ ਗਿਰਾਰਥ ਕੋਸ਼, ਮਹੰਤ ਗੱਜਾ ਸਿੰਘ ਦੁਆਰਾ ਪ੍ਰਦਾਨ ਕੀਖਤੇ ਗਏ ਵੱਖ-ਵੱਖ ਰਾਗ ਸਰੂਪਾਂ ਲਈ ਭਾਈ ਕਾਨ੍ਹ ਸਿੰਘ ਦੇ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਗਿਆਨ ਸਿੰਘ ਐਬਟਾਬਾਦ ਦੀ ਪੁਸਤਕ 'ਗੁਰਬਾਣੀ ਸੰਗੀਤ', ਭਾਈ ਅਵਤਾਰ ਸਿੰਘ-ਗੁਰਚਰਨ ਸਿੰਘ ਦੀ ਪੁਸਤਕ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਅਤੇ ਪ੍ਰੋ. ਤਾਰਾ ਸਿੰਘ (ਸ੍ਰੀ ਗੁਰੂ ਗ੍ਰੰਥ ਰਾਗ ਰਤਨਾਵਲੀ), ਡਾ. ਗੁਰਨਾਮ ਸਿੰਘ (ਆਦਿ ਗ੍ਰੰਥ ਰਾਗ ਕੋਸ਼), ਪ੍ਰੋ. ਕਰਤਾਰ ਸਿੰਘ ਦੇ ਸੰਗ੍ਰਹਿ ਚੋਂ ਉਪਲਬੱਧ ਹੋਰ ਪੁਸਤਕਾਂ ਨੂੰ ਆਧਾਰ ਬਣਾਇਆ। ਸਵਰਗੀ ਡਾ. ਅਜੀਤ ਸਿੰਘ ਪੈਂਤਲ; ਸ. ਤੇਜਪਾਲ ਸਿੰਘ; ਸਵਰਗੀ ਭਾਈ ਅਵਤਾਰ ਸਿੰਘ ਆਦਿ ਨੇ ਰਾਗਾਂ ਸਬੰਧੀ ਖੁਲ੍ਹ ਕੇ ਵਿਚਾਰਾਂ ਕੀਤੀਆਂ। ਇਨ੍ਹਾਂ ਰਾਗ ਸਰੂਪਾਂ ਨੂੰ ਨਿੱਜੀ ਰਾਵਾਂ ਤੋਂ ਉਪਰ ਉਠਕੇ ਕਮੇਟੀ ਦੀ ਬਹੁ ਸਹਿਮਤੀ ਨਾਲ ਸਵੀਕਾਰਿਆ ਗਿਆ। ਉਪਰੰਤ 10 ਤੋਂ 13 ਅਕਤੂਬਰ ਤਕ 31 ਰਾਗਾਂ ਨੂੰ ਚਾਰ ਦਿਨ ਵਿੱਚ ਵੱਖ-ਵੱਖ 52 ਕੀਰਤਨੀਆਂ ਤੇ ਸੰਗੀਤਕਾਰਾਂ ਨੇ ਬੜੀ ਸ਼ਰਧਾ ਤੇ ਚਾਅ ਨਾਲ ਗਾਇਆ। ਇਨ੍ਹਾਂ ਕੀਰਤਨੀਆਂ ਵਿਚੋਂ ਭਾਈ ਤੇਜਪਾਲ ਸਿੰਘ - ਸੁਰਿੰਦਰ ਸਿੰਘ 'ਸਿੰਘ ਬੰਧੂ', ਭਾਈ ਬਲਬੀਰ ਸਿੰਘ, ਭਾਈ ਗੁਰਮੀਤ ਸਿੰਘ ਸ਼ਾਂਤ, ਭਾਈ ਹਰੀ ਸਿੰਘ (ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ), ਡਾ. ਜਾਗੀਰ ਸਿੰਘ, ਲੇਖਕ (ਡਾ. ਗੁਰਨਾਮ ਸਿੰਘ), ਪ੍ਰੋ. ਕਰਤਾਰ ਸਿੰਘ, ਭਾਈ ਕੰਵਰਪਾਲ ਸਿੰਘ (ਦੇਹਰਾਦੂਨ), ਪ੍ਰੋ. ਪਰਮਜੋਤ ਸਿੰਘ, ਭਾਈ ਨਿਰੰਜਨ ਸਿੰਘ 'ਜਵੱਦੀ', ਭਾਈ ਇਕਾਬਲ ਸਿੰਘ, ਭਾਈ ਪ੍ਰਿਥੀਪਾਲ ਸਿੰਘ (ਇੰਦੌਰ), ਭਾਈ ਚਰਨਜੀਤ ਸਿੰਘ (ਲੁਧਿਆਣਾ), ਭਾਈ ਚੰਨਣ ਸਿੰਘ ਮਜਬੂਰ, ਭਾਈ ਮੋਹਣਪਾਲ ਸਿੰਘ, ਸੰਤ ਅਨੂਪ ਸਿੰਘ (ਊਨਾ), ਭਾਈ ਚਤਰ ਸਿੰਘ ਸਿੰਧੀ, ਬੀਬੀ ਗੀਤਾ ਕੌਰ ਪੈਂਤਲ, ਭਾਈ ਮਹਿੰਦਰ ਸਿੰਘ ਸਾਗਰ, ਭਾਈ ਹਰਜਿੰਦਰ ਸਿੰਘ (ਸ੍ਰੀਨਗਰ ਵਾਲੇ) ਆਦਿ ਪ੍ਰਮੁੱਖ ਸਨ। ਉਪਰੰਤ ਇਸ ਰਿਕਾਰਡਿੰਗ ਨੂੰ ਜਵੱਦੀ ਟਕਸਾਲ ਵਲੋਂ 16 ਆਡੀਓ ਕੈਸਟਾਂ ਦੇ ਰੂਪ ਵਿਚ ਸੰਗਤਾਂ ਨੂੰ ਭੇਟ ਕੀਤਾ ਗਿਆ। ਇਨ੍ਹਾਂ ਸਾਰੀਆਂ ਸ਼ਬਦ ਕੀਰਤਨ ਰਚਨਾਵਾਂ ਨੂੰ ਪ੍ਰੋ. ਕਰਤਾਰ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ ਤੇ ਬੀਬੀ ਜਸਬੀਰ ਕੌਰ ਖਾਲਸਾ ਦੇ ਉਦਮ ਨਾਲ 'ਗੁਰ ਨਾਨਕ ਸੰਗੀਤ ਪੱਧਤੀ ਗ੍ਰੰਥ' ਦੇ ਰੂਪ ਵਿਚ ਪ੍ਰਕਾਸ਼ਤ ਵੀ ਕੀਤਾ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਪ੍ਰਕਾਰਾਂ ਦੀ ਭਰਪੂਰ ਖੋਜ ਉਪਰੰਤ ਰਾਗ ਪ੍ਰਕਾਰਾਂ ਦੇ ਰਾਗ ਨਿਰਣੇ ਦਾ ਜਟਿਲ ਕਾਰਜ ਆਰੰਭ ਹੋਇਆ। ਉਪਰੰਤ 1992 ਵਿਚ 75 ਦੇ ਕਰੀਬ ਕੀਰਤਨੀਆਂ ਨੇ ਨਿਰੰਤਰ ਪੰਜ ਦਿਨਾਂ ਵਿਚ ਇਨ੍ਹਾਂ ਰਾਗ ਪ੍ਰਕਾਰਾਂ ਦਾ ਗਾਇਨ ਕੀਤਾ। ਇਨ੍ਹਾਂ ਕੀਰਤੀਆਂ ਵਿਚੋਂ ਭਾਈ ਅਵਤਾਰ ਸਿੰਘ-ਗੁਰਚਰਨ ਸਿੰਘ, ਭਾਈ ਬਲਬੀਰ ਸਿੰਘ, ਭਾਈ

ਅਮਰੀਕ ਸਿੰਘ ਜ਼ਖਮੀ, ਭਾਈ ਦਿਲਬਾਗ ਸਿੰਘ-ਗੁਲਬਾਗ ਸਿੰਘ, ਡਾ. ਜਾਗੀਰ ਸਿੰਘ, ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ (ਲੇਖਕ), ਡਾ. ਅਜੀਤ ਸਿੰਘ ਪੈਂਤਲ, ਪ੍ਰਿੰ. ਬਲਦੇਵ ਸਿੰਘ, ਭਾਈ ਨਿਰਮਲ ਸਿੰਘ ਖਾਲਸਾ, ਬੀਬੀ ਜਸਵਿੰਦਰ ਕੌਰ, ਪ੍ਰੋ. ਹਰਚਰਨ ਸਿੰਘ, ਭਾਈ ਮਹਿੰਦਰ ਸਿੰਘ 'ਠੁਮਰੀ', ਡਾ. ਦਰਸ਼ਨ ਸਿੰਘ ਨਰੂਲਾ ਆਦਿ ਦੇ ਨਾਮ ਪ੍ਰਮੁੱਖ ਹਨ। ਇਸ ਰਿਕਾਰਡਿੰਗ ਨੂੰ ਭਾਈ ਸੋਹਣ ਸਿੰਘ ਤੇ ਪ੍ਰਿੰ. ਸੁਖਵੰਤ ਸਿੰਘ ਨੇ ਰਿਕਾਰਡਿੰਗਜ਼ ਦੇ ਰੂਪ ਵਿਚ ਵੱਖ-ਵੱਖ ਸੀਡੀਜ਼ ਸੰਗਤਾਂ ਨੂੰ ਭੇਟ ਕੀਤੀਆਂ ਹੈ।

ਰਾਗ ਨਿਰਣਾਇਕ ਕਮੇਟੀ ਵਲੋਂ ਸਥਾਪਤ ਸਰੂਪ ਬਹੁ ਸੰਮਤੀ ਪ੍ਰਵਾਣਿਤ ਰਾਗ ਸਰੂਪ ਹਨ ਭਾਵੇਂ ਕਿ ਕਈ ਰਾਗਾਂ ਦੇ ਸਰੂਪਾਂ ਬਾਰੇ ਲੇਖਕ ਸਮੇਤ ਹੋਰ ਵਿਦਵਾਨਾਂ ਤੇ ਕੀਰਤਨੀਆਂ ਦੀ ਨਿੱਜੀ ਰਾਇ ਵੀ ਹੋ ਸਕਦੀ ਹੈ। ਰਾਗ ਨਿਰੀਖਣ ਤੇ ਵਿਸ਼ਲੇਸ਼ਣ ਦੇ ਪੈਂਡਿਆਂ ਉਤੇ ਲੇਖਕ (ਡਾ. ਗੁਰਨਾਮ ਸਿੰਘ) ਸਮੇਤ ਪ੍ਰੋ. ਕਰਤਾਰ ਸਿੰਘ, ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ ਆਦਿ ਨੇ ਕਈ ਪੁਸਤਕ ਗ੍ਰੰਥਾਂ ਦੀ ਭਾਲ ਕੀਤੀ। ਮਕਸਦ ਇਹੋ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਸਰੂਪਾਂ ਨੂੰ ਸਮੁੱਚੇ ਵਿਸ਼ਵ ਦੇ ਸਨਮੁਖ ਸਥਾਪਤ ਤੇ ਉਜਾਗਰ ਕੀਤਾ ਜਾਵੇ। ਇਸ ਕਾਰਜ ਵਿਚ ਉਸਤਾਦ ਜਸਵੰਤ ਸਿੰਘ ਭੰਵਰਾ, ਭਾਈ ਬਲਬੀਰ ਸਿੰਘ, ਪ੍ਰਿੰ. ਚੰਨਣ ਸਿੰਘ ਮਜਬੂਰ, ਭਾਈ ਨਿਰਮਲ ਸਿੰਘ ਖਾਲਸਾ, . ਪ੍ਰੋ. ਪਰਮਜੋਤ ਸਿੰਘ ਅਤੇ ਡਾ. ਜਾਗੀਰ ਸਿੰਘ ਹੋਰਾਂ ਨੇ ਨਿਰੰਤਰ ਵਿਚਾਰ ਚਰਚਾਵਾਂ ਕੀਤੀਆਂ।

ਉਪਰੰਤ ਰਾਗ ਨਿਰਣਾਇਕ ਕਮੇਟੀ ਦੇ ਇਨ੍ਹਾਂ ਰਾਗ ਸਰੂਪਾਂ ਨੂੰ ਜਵੱਦੀ ਟਕਸਾਲ ਵਲੋਂ ਸੰਤ ਬਾਬਾ ਸੁੱਚਾ ਸਿੰਘ ਜੀ ਉਪਰੰਤ ਅਤੇ ਵਰਤਮਾਨ ਸਮੇਂ ਸੰਤ ਬਾਬਾ ਅਮੀਰ ਸਿੰਘ ਦੀ ਅਗਵਾਈ ਵਿਚ ਨਿਰੰਤਰ ਪਰਚਾਰਿਆ ਜਾ ਰਿਹਾ ਹੈ। ਇਨ੍ਹਾਂ ਰਾਗ ਸਰੂਪਾਂ ਆਧਾਰਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਨਿਰਧਾਰਤ ਗਾਇਨ ਸ਼ੈਲੀਆਂ, ਪੜਤਾਲਾਂ, ਰਾਗਮਾਲਾ ਆਦਿ ਉਤੇ ਦਸ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਕਰਵਾਏ ਜਾ ਚੁੱਕੇ ਹਨ ।

1993-94 ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਦੇ ਮੁਖੀ ਹੁੰਦਿਆਂ ਲੇਖਕ (ਡਾ. ਗੁਰਨਾਮ ਸਿੰਘ) ਵਲੋਂ 'ਰਾਗ ਨਿਰਣਾਇਕ ਕਮੇਟੀ' ਦੇ ਸਰੂਪਾਂ ਨੂੰ ਲਾਗੂ ਕੀਤਾ ਗਿਆ। ਇਸੇ ਤਰ੍ਹਾਂ 1997 ਵਿਚ ਪੰਜਾਬੀ ਯੂਨੀਵਰਸਿਟੀ ਦੇ ਡਿਪਲੋਮਾ ਇਨ ਗੁਰਮਤਿ ਸੰਗੀਤ ਅਤੇ 2004 ਵਿਚ ਐਮ.ਏ. ਗੁਰਮਤਿ ਸੰਗੀਤ, 2007 ਵਿਚ ਬੀ.ਏ. ਆਨਰਜ਼ ਸਕੂਲ ਇਨ ਗੁਰਮਤਿ ਸੰਗੀਤ ਵਿਚ ਇਨ੍ਹਾਂ ਸਰੂਪਾਂ ਨੂੰ ਵਿਸ਼ੇਸ਼ ਮਾਨਤਾ ਦਿਤੀ ਹੈ। ਪ੍ਰੋ. ਕਰਤਾਰ ਸਿੰਘ ਦੀ ਅਗਵਾਈ ਵਿਚ ਗੁਰਮਤਿ ਸੰਗੀਤ ਅਕੈਡਮੀ ਵੀ ਇਨ੍ਹਾਂ ਰਾਗ ਸਰੂਪਾਂ ਅਨੁਸਾਰ ਹੀ ਗੁਰਮਤਿ ਸੰਗੀਤ ਦੀ ਸਿਖਲਾਈ ਦੇ ਰਹੀ ਹੈ। ਪ੍ਰੋ. ਕਰਤਾਰ ਸਿੰਘ, ਲੇਖਕ ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ ਆਦਿ ਸਮੇਤ ਗੁਰਮਤਿ ਸੰਗੀਤ ਦੇ ਅਨੇਕ ਸ਼ਬਦ

ਕੀਰਤਨ ਰਚਨਾਕਾਰ ਇਨ੍ਹਾਂ ਰਾਗ ਸਰੂਪਾਂ ਅਨੁਸਾਰ ਸ਼ਬਦ ਕੀਰਤਨ ਰਚਨਾਵਾਂ ਦੀ ਰਚਨਾ ਕਰ ਰਹੇ ਹਨ, ਗਾਇਨ ਕਰ ਰਹੇ ਹਨ। ਰਾਗ ਨਿਰਣਾਇਕ ਕਮੇਟੀ ਦੇ 31 ਮੁੱਖ ਰਾਗਾਂ, 31 ਰਾਗ ਪ੍ਰਕਾਰਾਂ ਅਨੁਸਾਰ 1999 ਵਿਚ ਲੇਖਕ ਡਾ. ਗੁਰਨਾਮ ਸਿੰਘ ਵਲੋਂ ਸੰਪੂਰਣ 62 ਰਾਗਾਂ ਦੀ ਰਿਕਾਰਡਿੰਗ ਰਿਲੀਜ਼ ਕੀਤੀ ਗਈ ਜੋ ਸਿੱਖ ਮਿਊਜ਼ੀਕਾਲੋਜੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ ਵਿਚ ਦਰਜ ਹਨ। ਪ੍ਰੋ. ਸੁਰਿੰਦਰ ਸਿੰਘ ਰਾਜ ਅਕੈਡਮੀ ਵਲੋਂ ਵੀ ਇਨ੍ਹਾਂ ਰਾਗ ਸਰੂਪਾਂ ਦੇ ਪ੍ਰਯੋਗ ਕਰਕੇ ਸੰਪੂਰਣ ਰਾਗਾਂ ਦੀ ਰਿਕਾਰਡਿੰਗ ਭੇਟ ਕੀਤੀ ਜਾ ਚੁੱਕੀ ਹੈ।

ਵਰਤਮਾਨ ਸਮੇਂ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਵਿਚ ਰਾਗ ਨਿਰਣਾਇਕ ਕਮੇਟੀ ਦਾ ਬੁਨਿਆਦੀ ਮਹੱਤਵ ਰਿਹਾ ਹੈ। ਭਾਰਤੀ ਸੰਗੀਤ ਦੀ ਰਾਗ ਪਰੰਪਰਾ ਨਾਲ ਤੁਲਨਾਤਮਕ ਅਧਿਐਨ ਵਾਸਤੇ ਰਾਗ ਨਿਰਣਾਇਕ ਕਮੇਟੀ ਦੁਆਰਾ ਨਿਰਧਾਰਤ ਰਾਗ ਇਕ ਵੱਡੀ ਰਾਗ ਨਿਧੀ ਹੈ। ਪੰਜਾਬੀ ਵਿਚ ਡਾ. ਮਨਪ੍ਰੀਤ ਸਿੰਘ ਦੁਆਰਾ ਕੀਤੀ ਖੋਜ ਅਨੁਸਾਰ 31 ਮੁੱਖ ਰਾਗ ਤੇ 31 ਰਾਗ ਪ੍ਰਕਾਰਾਂ ਦੇ ਕੁਲ 137 ਸਰੂਪ ਉਪਲਬੱਧ ਹੁੰਦੇ ਹਨ। ਪ੍ਰਸੰਨਤਾ ਦਾ ਵਿਸ਼ਾ ਹੈ ਕਿ ਜਵੱਦੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਦੀ ਅਗਵਾਈ ਵਿਚ ਪ੍ਰਿੰ. ਸੁਖਵੰਤ ਸਿੰਘ ਨੇ ਰਾਗ ਨਿਰਣਾਇਕ ਕਮੇਟੀ ਦੀ ਸਮੁੱਚੀ ਖੋਜ ਨੂੰ ਪੁਸਤਕ 'ਰਾਗ ਨਿਰਣੈ' ਦੇ ਰੂਪ ਵਿਚ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਕਰਵਾਇਆ ਹੈ। ਉਮੀਦ ਹੈ ਸਮੂਹ ਗੁਰਮਤਿ ਸੰਗੀਤ ਪ੍ਰੇਮੀ, ਵਿਦਵਾਨ ਸੰਗੀਤਕਾਰ ਤੇ ਕੀਰਤਨੀਆਂ ਦੀ ਖੋਜ 'ਤੇ ਅਧਾਰਤ ਇਸ ਸੰਗੀਤ ਸਰਮਾਏ ਨੂੰ ਪਰਚਾਰਨ ਤੇ ਪਰਸਾਰਨ ਵਿਚ ਆਪਣਾ ਯੋਗਦਾਨ ਦਿੰਦੇ ਰਹਿਣਗੇ।

# ਤਿੰਨ ਤਾਲ: ਕਾਇਦਾ ਸੀਰੀਜ਼

**ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ**

(ਲਾਹੌਰ ਬਾਜ, ਪੰਜਾਬ ਘਰਾਣਾ)

ਤਬਲਾ ਵਿਦਿਆਰਥੀਆਂ ਲਈ ਲੜੀਵਾਰ ਤਿੰਨ ਤਾਲ ਕਾਇਦਾ ਸੀਰੀਜ਼ ਅਧੀਨ **ਕਾਇਦਾ ਨੰ: 05** ਦੇ ਰਿਹਾ ਹਾਂ ਜਿਸ ਦਾ ਇਜ਼ਾਫ਼ਾ 10 ਬੰਧਾਂ (ਪਲਟਿਆਂ) ਤਹਿਤ ਹੈ ਅਤੇ ਆਖ਼ਿਰ ਵਿੱਚ ਕਾਇਦੇ ਦਾ ਮੁਕਾਮ ਚਕਰਦਾਰ ਹੈ ਜਿਸ ਦੇ ਤਿੰਨ ਪੱਲੇ ਹਨ ਤਿੰਨਾਂ ਪੱਲਿਆਂ ਵਿੱਚ ਬੇਦਮ ਤੀਆ ਹੈ। ਤਿਟ ਦਾ ਬੋਲ 'ਚਲ' ਹੈ ਬਾਕੀ ਬੋਲ 'ਅਚਲ' ਹਨ। ਕਾਇਦੇ ਦਾ ਜੋੜ ਸਿਆਹੀ ਤੇ ਹੈ ਅਤੇ ਰਦੀਫ਼ ਸਧਾਰਨ ਹੈ। ਇਸ ਕਾਇਦੇ ਦੇ ਰਿਆਜ਼ ਨਾਲ ਸਫ਼ੈਦੀ, ਸਿਆਹੀ ਅਤੇ ਧਾੜਗਿਨਾ ਬੋਲ ਤੇ ਅਧਿਕਾਰ ਹੋ ਜਾਂਦਾ ਹੈ। ਇੱਥੇ ਧਾੜਗਿਨਾ ਤਰਜ਼ਨੀ ਅਤੇ ਮੱਧਮਾਂ ਨਾਲ ਵੱਜੇਗਾ। ਕਾਇਦੇ ਦੇ ਨਿਕਾਸ ਜਾਂ ਹੋਰ ਜਾਣਕਾਰੀ ਲਈ ਸਿੱਖਿਆਰਥੀ ਮੈਨੂੰ ਫੋਨ ਕਰ ਸਕਦੇ ਹਨ।

**ਕਾਇਦਾ ਨੰ: 05**

ਧਾੜ ਗਿਨਾ ਧਿਟ ਤਿਟ, ਧਾਟ ਧਾਗੇ ਤਿਨਾ ਕਿਨਾ ।
ਤਾੜ ਕਿਨਾ ਤਿਟ ਤਿਟ ਧਾਟ ਧਾਗੇ ਧਿਨਾ ਗਿਨਾ ॥

**ਦੋਹਰਾ**

ਧਾੜਗਿਨਾ ਧਿਟਤਿਟ ਧਾੜਗਿਨਾ ਧਿਟਤਿਟ, ਧਾੜਗਿਨਾ ਧਿਟਤਿਟ ਧਾਟਧਾਗੇ ਤਿਨਾਕਿਨਾ ।
ਤਾੜਕਿਨਾ ਤਿਟਤਿਟ ਤਾੜਕਿਨਾ ਤਿਟਤਿਟ, ਧਾੜਗਿਨਾ ਧਿਟਤਿਟ ਧਾਟਧਾਗੇ ਧਿਨਾਗਿਨਾ ॥

**ਬੰਧ # 1**

ਧਾੜਗਿਨਾ ਤਿਟਧਾੜ ਗਿਨਾਤਿਟ ਧਾੜਗਿਨਾ, ਧਾੜਗਿਨਾ ਧਿਟਤਿਟ ਧਾਟਧਾਗੇ ਤਿਨਾਕਿਨਾ ।
ਤਾੜਕਿਨਾ ਤਿਟਤਾੜ ਕਿਨਾਤਿਟ ਤਾੜਕਿਨਾ,ਧਾੜਗਿਨਾ ਧਿਟਤਿਟ ਧਾਟਧਾਗੇ ਧਿਨਾਗਿਨਾ ॥

**ਬੰਧ # 2**

ਧਾੜਗਿਨਾ ਧਾੜਗਿਨਾ ਤਿਟਧਾੜ ਗਿਨਾਤਿਟ, ਧਾੜਗਿਨਾ ਧਿਟਤਿਟ ਧਾਟਧਾਗੇ ਤਿਨਾਕਿਨਾ ।
ਤਾੜਕਿਨਾ ਤਾੜਕਿਨਾ ਤਿਟਤਾੜ ਕਿਨਾਤਿਟ, ਧਾੜਗਿਨਾ ਧਿਟਤਿਟ ਧਾਟਧਾਗੇ ਧਿਨਾਗਿਨਾ॥

**ਬੰਧ # 3**

ਧਾੜਗਿਨਾ ਧਿਟਤਿਟ ਧਾੜਗਿਨਾ ਧਾੜਗਿਨਾ, ਧਾੜਗਿਨਾ ਧਿਟਤਿਟ ਧਾਟਧਾਗੇ ਤਿਨਾਕਿਨਾ ।
ਤਾੜਕਿਨਾ ਤਿਟਤਿਟ ਤਾੜਕਿਨਾ ਤਾੜਕਿਨਾ, ਧਾੜਗਿਨਾ ਧਿਟਤਿਟ ਧਾਟਧਾਗੇ ਧਿਨਾਗਿਨਾ ॥

**ਬੰਧ # 4**

ਧਿਟਤਿਟ ਧਾੜਗਿਨਾ ਧਾੜਗਿਨਾ ਧਾੜਗਿਨਾ, ਧਾੜਗਿਨਾ ਧਿਟਤਿਟ ਧਾਟਧਾਗੇ ਤਿਨਾਕਿਨਾ ।
ਤਿਟਤਿਟ ਤਾੜਕਿਨਾ ਤਾੜਕਿਨਾ ਤਾੜਕਿਨਾ, ਧਾੜਗਿਨਾ ਧਿਟਤਿਟ ਧਾਟਧਾਗੇ ਧਿਨਾਗਿਨਾ ॥

**ਬੰਧ # 5**

ਧਾੜਗਿਨਾ ਤਿਟਧਾੜ ਗਿਨਾ-ਧਾ ਤਿਟਤਿਟ, ਧਾੜਗਿਨਾ ਤਿਟਤਿਟ ਧਾਟਧਾਗੇ ਤਿਨਾਕਿਨਾ ।
ਤਾੜਕਿਨਾ ਤਿਟਤਾੜ ਕਿਨਾ-ਤਾ ਤਿਟਤਿਟ, ਧਾੜਗਿਨਾ ਧਿਟਤਿਟ ਧਾਟਧਾਗੇ ਧਿਨਾਗਿਨਾ ॥

**ਬੰਧ # 6**

ਧਾੜਗਿਨਾ ਤਿਟਧਾੜ ਗਿਨਾ-ਧਾ ਧਿਟਤਿਟ, ਗਿਨਾ-ਧਾ ਧਿਟਤਿਟ ਧਾਟਧਾਗੇ ਤਿਨਾਕਿਨਾ ।
ਤਾੜਕਿਨਾ ਤਿਟਤਾੜ ਕਿਨਾ-ਤਾ ਤਿਟਤਿਟ, ਗਿਨਾ-ਧਾ ਧਿਟਤਿਟ ਧਾਟਧਾਗੇ ਧਿਨਾਗਿਨਾ ॥

**ਬੰਧ # 7**

ਗਿਨਾ-ਧਾ ਧਿਟਤਿਟ ਗਿਨਾ-ਧਾ ਧਿਟਤਿਟ, ਗਿਨਾਤਿਟ ਧਿਟਤਿਟ ਧਾਟਧਾਗੇ ਤਿਨਾਕਿਨਾ।
ਕਿਨਾ-ਤਾ ਤਿਟਤਿਟ ਕਿਨਾ-ਤਾ ਤਿਟਤਿਟ, ਗਿਨਾਤਿਟ ਧਿਟਤਿਟ ਧਾਟਧਾਗੇ ਧਿਨਾਗਿਨਾ ।

**ਬੰਧ # 8**

ਧਿਟਤਿਟ ਧਿਟਤਿਟ ਗਿਨਾ-ਧਾ ਧਿਟਤਿਟ, ਗਿਨਾ-ਧਾ ਧਿਟਤਿਟ ਧਾਟਧਾਗੇ ਤਿਨਾਕਿਨਾ ।
ਤਿਟਤਿਟ ਤਿਟਤਿਟ ਕਿਨਾ-ਤਾਤਿਟਤਿਟ, ਗਿਨਾ-ਧਾ ਧਿਟਤਿਟ ਧਾਟਧਾਗੇ ਧਿਨਾਗਿਨਾ ॥

**ਬੰਧ # 9**

ਧਾਟਧਾਗੇ ਧਿਟਤਿਟ ਧਾੜਗਿਨਾ ਧਾੜਗਿਨਾ, ਧਿਟਤਿਟ ਧਿਟਤਿਟ ਧਾਟਧਾਗੇ ਤਿਨਾਕਿਨਾ ।
ਤਾਟਤਾਕੇ ਤਿਟਤਿਟ ਤਾੜਕਿਨਾ ਤਾੜਕਿਨਾ, ਧਿਟਤਿਟ ਧਿਟਤਿਟ ਧਾਟਧਾਗੇ ਧਿਨਾਗਿਨਾ ॥

**ਬੰਧ # 10**

ਧਾੜਗਿਨਾ ਧਿਟਤਿਟ ਧਾਟਧਾਗੇ ਧਾਟਧਾਗੇ, ਧਿਟਤਿਟ ਧਿਟਤਿਟ ਧਾਟਧਾਗੇ ਤਿਨਾਕਿਨਾ ।
ਤਾੜਕਿਨਾ ਤਿਟਤਿਟ ਤਾਟਤਾਕੇ ਤਾਟਤਾਕੇ, ਧਿਟਤਿਟ ਧਿਟਤਿਟ ਧਾਟਧਾਗੇ ਧਿਨਾਗਿਨਾ ॥

**ਕਾਇਦੇ ਦਾ ਮੁਕਾਮ (ਚਕਰਦਾਰ ਤਿਹਾਈ)**

ਤਿਟਤਿਟ ਧਾੜਗਿਨਾ ਤਿਟਤਿਟ ਧਾੜਗਿਨਾ ਧਾਟ ਧਾ,ਧਾੜ ਗਿਨਾਧਾ ਟਧਾ ਧਾੜਗਿਨਾ ਧਾਟ ਧਾ-,, ਤਿਟਤਿਟ ਧਾੜਗਿਨਾ
ਤਿਟਤਿਟ ਧਾੜਗਿਨਾ ਧਾਟ ਧਾ,ਧਾੜ ਗਿਨਾਧਾ ਟਧਾ, ਧਾੜਗਿਨਾ ਧਾਟ ਧਾ-,, ਤਿਟਤਿਟ ਧਾੜਗਿਨਾ ਤਿਟਤਿਟ ਧਾੜਗਿਨਾ
ਧਾਟ ਧਾ,ਧਾੜ ਗਿਨਾਧਾ ਟਧਾ, ਧਾੜਗਿਨਾ ਧਾਟ । ਧਾ-

# 340, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ - 143519
ਜ਼ਿਲ੍ਹਾ: ਗੁਰਦਾਸਪੁਰ, ਪੰਜਾਬ (ਭਾਰਤ)
ਫੋਨ: +91-98143 49658


Email: harbhajansinghdhariwal@gmail.com

# ਇਕਾਂਤ ਵਿੱਚ ਕੀਰਤਨ

ਤਬ ਐਸੀ ਆਗਿਆ ਸ੍ਰੀ ਪਾਰਬ੍ਰਹਮ ਕੀ ਭਈ ਜਿ ਏਕ ਦਿਨਿ ਗੁਰੂ ਬਾਬੇ ਨਾਨਕ ਮਰਦਾਨੇ ਰਬਾਬੀ ਕਉ ਕਹਿਆ ਜਿ, ਮਰਦਾਨਿਆ, ਰਬਾਬ ਲੈ, ਤੋ ਅਜੁ ਕਿਤੇ ਇਕੰਤਿ ਜਾਇ ਕੈ ਗੁਜਰਾਨ ਕਰ ਆਈਐ ਇਥੈ ਲੋਕ ਧਿਰ ਧਿਰ ਦੇ ਆਇ ਝਬਦੇ ਹੈਨਿ,ਸ਼ਬਦ ਨਾਲਿ ਪਰਚਣ ਦੇਦੇ ਨਾਹੀ। ਅਖੈ ਜੀ ਭਲਾ। ਤਬ ਗੁਰੂ ਬਾਬਾ ਨਾਨਕੁ ਜੀ ਮਰਦਾਨੇ ਨੋ ਸਾਥਿ ਲੈ ਕੈ ਬਾਹਿਰ ਆਇਆ। ਤਬ ਕੋਹ ਇਕ ਦੀ ਵਿਥਿ ਗਿਰਾਵਹੁ ਪਾਇ ਕੈ, ਇਕਤੁ ਕਿਨਾਰੇ ਦਰੀਆਵ ਤੇ ਨੇੜੇ ਭਲੀ ਠਉੜ ਦੇਖਿ ਕੈ, ਰੁਖ ਭੀ ਥੇ ਤਹਾ, ਗੁਰੂ ਬਾਬਾ ਜੀ ਬੈਠਿ ਗੈਆ। ਅਰੁ ਮਰਦਾਨੇ ਨੋ ਆਗਿਆ ਹੋਈ, ਜੁ ਰਬਾਬੁ ਸਾਜਿ ਕਰਿ ਅਤੇ ਉਚੇ ਸੁਰਿ ਹੋਇ ਕੈ ਸਬਦੁ ਉਚਾਰੁ ਕਰਿ। ਤਬ ਮਰਦਾਨੇ ਰਬਾਬੁ ਸਾਜਿ ਕੀਤਾ ਰਾਗ

RNI Regd. No. 46788/89 ISSN 0972-2335

# ਡਾ. ਜਾਗੀਰ ਸਿੰਘ
# ਦੀ ਨਵੀਂ ਪੁਸਤਕ




ਕਿਤਾਬ ਨੂੰ ਮੰਗਵਾਉਣ ਲਈ ਹੇਠ ਦਿੱਤੇ ਗਏ ਪਤੇ
**ਸਪਤਰਿਸ਼ੀ ਪਬਲੀਕੇਸ਼ਨਜ਼,** # 25/6, ਇੰਡਸਟ੍ਰੀਅਲ ਏਰੀਆ,
ਫੇਸ-2, ਚੰਡੀਗੜ ਅਤੇ ਨੰ: ਤੇ ਸੰਪਰਕ **7717465715,**
**9463836591** ਕਰਕੇ ਕਿਤਾਬਾਂ ਨੂੰ ਮੰਗਵਾ ਸਕਦੇ ਹੋ।